ਸਨਕਾਦਿਕ ਹਿਰਦੇ ਵਿਚਾਰ ਪ੍ਰਗਾਸ ਦਿਖਾਊ" ਇਸੇ ਹੀ ਭਾਂਤ ਸ੍ਰੀ ਕਬੀਰ ਜੀ ਨੇ ਰਾਗ ਗਉੜੀ ਬਾਵਨ ਅਖਰੀ ਵਿਚ ਸਸਾ, ਤਤਾ, ਹਾਹਾ, ਮੰਮਾ ਤੇ ਰਾਰਾ ਆਦਿਕ ਲਿਖਣਾ ਹੈ।

ਇਕ ਪੋਥੀ ਸ੍ਰੀ ਸਤਿਗੁਰ ਰਵਿਦਾਸ ਸਾਹਿਬ ਜੀ ਦੀ 'ਸਤਿ ਅਮ੍ਰਿਤਬਾਣੀ' ਗੁਰਮੁਖੀ ਅਖਰਾਂ ਵਿਚ ਲਿਖੀ ਹੋਈ ਸੰਮਤ ਬਿਕਰਮਾ ਜੀਤ ੧੫੨੭ ਵਾਲੀ ਪਟ: ਮ: ਸਤਿਦਰ ਬਾਰੀ ਨੂੰ ਮਿਲੀ॥ ਜਿਸ ਲਈ ਦੇਵੀਦਾਸ ਪਿਸਰ ਨੇਕ ਰਾਮ ਕੌਮ ਹਜਾਮ ਕਬੀਰ ਪੰਥੀ, ਸੇਵਕ ਭਗਤ ਰਾਮ ਕੌਮ ਬ੍ਰਾਹਮਣ ਵਾਸੀ ਉੜੀਸਾ ਜਿਲਾ ਨੈਣਪੁਰੀ ਸੂਬਜਾਤ ਮੁਤਹਿਦਆਗਰਾ ਅਬਧ ਵਾਲੇ ... ਆਬਾਦ ਅਮ੍ਰਿਤਸਰ ਨੇ ਮੁਕਦਮਾ ਕੀਤਾ ਸੀ ਇਸ ਦਾ ਵਿਸ਼ੇਸ਼ ਹਾਲ ਵੇਖਣਾ ਹੋਵੇ ਤਾਂ ਏਸ ਥਿਧ ਅਦਾਲਤ ਵਿਚੋਂ ਮੁਕਦਮੇ ਦੀ ਨਕਲ ਲੈਕੇ ਵੇਖੇ।

ਉਪਰ ਲਿਖੇ ਮੁਕਦਮੇ ਦੀ ਨਕਲ ਲੈਣ ਲਈ ਦਰਖ਼ੁਆਸਤ ਇਕੁਰ ਦੇਵੇ ਜਿਵੇਂ:-

ਮੁਕਦਮਾ ਨੰਬਰ ੮੭੫ ਸੰਨ ੧੯੩੨ ਈ: ਅਦਾਲਤ ਸ਼ੇਖ ਅਬਦੁਲ ਮਜੀਦ ਸਾਹਿਬ ਬੀ, ਏ, ਐਲ, ਐਲ, ਬੀ, ਜਜ ਬਹਾਦੁਰ ਸਾਹਿਬ ਅਦਾਲਤ ਮੁਤਾਲਬਾ ਖਫੀਫਾ ਸ਼ਹਿਰ ਅਮ੍ਰਿਤਸਰ ਦੇ ਵਿਚ। ਦੇਵੀ ਦਾਸ ਬੇਟਾ ਨੇਕ ਰਾਮ ਜਾਤ ਹਜਾਮ ਕਬੀਰ ਪੰਥੀ ਰਹਿਣ ਵਾਲਾ ਅਮਿਤਸਰ ਬੇਰੂੰ ਰਾਮ ਬਾਗ ਮੁਤਸਿਲ ਗਿਰਜਾ ਘਰ। ਔਰ ਮੁਸੰਨਫ ਸ੍ਰੀ ਰਵਿਦਾਸ ਪ੍ਰਗਾਸ ਮ: ਜਸਵੰਤ ਸਿੰਘ ਉਰਫ ਪਰ: ਮ: ਸਤਿ ਦਰਬਾਰੀ ਬੇਟੇ ਮਹੰਤ ਬਾਲਾ ਰਾਮ ਜੀ ਦੇ ਹਕੂਕ ਬਾਬਤ ਕਿਤਾਬ ਸ੍ਰੀ ਸਤਿਗੁਰ ਰਵਿਦਾਸ ਸਾਹਿਬ ਦੀ ਸਤਿ



ਅਮ੍ਰਿਤ ਬਾਣੀ ਬਹਦੂਰ ਗੁਰਮੁਖੀ ਹਥੀਂ ਲਿਖੀ ਹੋਈ ਸੰਮਤ ਬਿ: ੧੫੨੭ ਵਾਲੀ ਦਾ ਫੈਸਲਾ ੧੧ ਮਾਰਚ ਸੰ: ੧੯੩੨ ਨੂੰ ਹੋ ਗਿਆ।

ਸ੍ਰੀ ਸਤਿਗੁਰ ਰਵਿਦਾਸ ਸਾਹਿਬ ਦੇ ਚੇਲੇ ਟੋਡਾਸ ਦੇ ਸਿਖ ਕਬੀਰ ਨਾਲ ਗੁਰੂਅਰਜਨ ਜੀ (ਮ: ੫) ਨੇ ਆਪਣੀ ਬਾਣੀ ਰਲਾਕੇ ਲਿਖੀ। ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ ਕਿ 'ਗਉੜੀ ਕਬੀਰ ਜੀ ਕੀ ਨਾਲ ਰਲਾਇ ਲਿਖਿਆ ਮ: ੫॥'

ਇਹ ਭੀ ਲਿਖਿਆ ਹੈ ਕਿ 'ਜੰਮਿਆ ਪੂਤ ਭਗਤ ਗੋਬਿੰਦ ਕਾ' ੪ ਸਾਰਾ ਸਬਦ ਪੜਕੇ ਵੇਖੋ। ਇਨਾਂ ਅਤੇ ਹੋਰ ਲੇਖਾਂ ਤੋਂ ਸਪਸ਼ਟ ਹੋਇਆ ਕਿ ਭਗਤ ਅਤੇ ਗੁਰੂ ਇਕੋ ਹੀ ਸਰੂਪ ਹਨ। ਭਾਵ ਇਹ ਕਿ ਜਿਸ ਨੂੰ ਸ੍ਰੀ ਰਵਿਦਾਸ ਸੁਆਮੀ ਹਰਿ ਪ੍ਰੇਮ ਭਗਤਿ ਬਖਸ਼ ਦੇਣ ਓਹੋ ਹੀ ਸਤਿਗੁਰੂ ਹੈ ਅਤੇ ਓਹੋ ਹੀ ਸੰਸਾਰ ਦੀਆਂ ਪਾਤਸ਼ਾਹੀਆਂ ਦੇ ਸਿਰ ਸਚਾ ਪਾਤਸ਼ਹ ਹੈ॥

ਪਿਆਰੇ ਸਜਨੋ ਸਾਹਿਬ ਜੀ ਦੇ ਚਰਨਾਂ ਨੂੰ ਜਾਣ ਰਖੋ-ਜਿਵੇਂ 'ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ। ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੋਗਵੈ ਸੋਈ। ਹਰਿ ਸੋ ਹੀਰਾ ਛਾਡਿਕੈ ਕਰਹਿ ਆਨ ਕੀ ਆਸ। ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।

ਸਪੂਰਣ

ਕਰਕੇ ਚਮੜਾ ਪਾਟ ਜਾਵੇ ਜਾਂ ਕਿਸੇ ਫੋੜੇ ਫਿਨਸੀ ਬਗੈਰਾ ਦਾ ਜਖਮ ਹੋ ਜਾਵੇ ਤਾਂ ਉਹ ਪਰਮ ਪਰਉਪਕਾਰੀ ਦਇਆਲੂ ਕਿਰਪਾਲੂ ਹਰ ਵੇਲੇ ਉਸਦੀ ਮੁਰੰਮਤ ਕਰਦਾ ਹੈ। ਕਰੀਬ ਅਕਿਰਤਘਨ ਬੰਦੇ ਚਾਹੇ ਉਸ ਤੋਂ ਬਾਗੀ ਹੋਕੇ ਉਸਨੂੰ ਭੁਲਾ ਬੈਠਣ ਅਤੇ ਆਪ ਖੁਦਗਰਜੀ ਦਾ ਸ਼ਕਾਰ ਹੋਕੇ ਮਾਇਆ ਖਾਤਰ ਚਮੜੇ ਦਾ ਕੰਮ ਕਰਨ ਲੱਗ ਜਾਨ ਜਿਵੇਂ ਖਟੀਕ ਖੱਲਾਂ ਰੰਗਣ ਦਾ, ਸਰਾਜ ਕਾਠੀਆਂ ਤੇ ਕੰਡਿਆਲੇ ਬਣਾਉਨ ਦਾ ਜੁੱਤੀਆਂ ਨੂੰ ਖਰੀਦਣ ਤੇ ਵੇਚਣ ਆਦਿਕ ਦਾ ‡ਕਿੱਤਾ ਸਾਂਭ ਲੈਣ। ਸੰਸਾਰ ਦੇ ਬੰਦੇ ਪਰੇਮ ਭਗਤਿ ਨੂੰ ਛਡ ਕੇ। 'ਢੂੰਢਤ ਡੋਲਹਿ ਅੰਧਗਤਿ ਅਰੁ ਚੀਨਤ ਨਾਹੀ ਸੰਤ ॥ ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ'। ਪਿਆਰੇ ਸਜਨੋਂ ਪਾਣੀ ਦੇ ਪਿਆਸਓ ਪਾਣੀ ਨੀਵੇਂ ਥਾਂ ਹੁੰਦਾ ਹੈ। ਯਾਦ ਰੱਖੀਏ।

ਗੁਰੂ ਸਾਹਿਬ ਸਿੱਖਾਂਨੂੰ ਹੁਕਮ ਦਿੰਦੇ ਹੈਨ ਕਿ' ਭਗਤ ਜਨਾ ਕੀ ਊਤਮਬਾਣੀ ਜੁਗਿਜੁਗਿ ਰਹੀਸਮਾਈ॥ਬਾਣੀ ਲਾਗੋ ਸੋ ਗਤਿ ਪਾਏ ਸਬਦੇ ਸਚਿ ਸਮਾਈ' ਰਾਮਕਲੀ ਮਃ ੩। 'ਭਗਤ ਬਿਨਾ ਸਹਸਾ ਨਹ ਚੂਕੇ ਗੁਰ ਇਹੁ ਭੇਦੁ ਬਤਾਵੈ' ਬਿਲਾਵਲ ਮਃ ੯ ॥ 'ਭਗਤ ਜਨਾ ਕਉ ਸਦਾ ਨਿਵ ਰਹੀਐ ਜਨ ਨਿਵਹਿ ਤ ਫਲਗੁਨ ਪਾਵੈਗੋ। ਜੋ ਨਿੰਦਾ ਦੁਸਟ ਕਰਹਿ

---

‡ਵੇਖੋ ਅਮ੍ਰਿਤਸਰ ਚੌਂਕ ਕਰਮੋਂ ਡਿਉੜੀ ਵਿਚ 'ਪੰਡਤਾਂ ਦੀ ਹੱਟੀ' (ਬੂਟ ਜੁਤੀਆਂ ਵੇਚਣ ਦੀ। ਲਾਹੌਰ ਅਨਾਰ ਕਲੀ ਵਿਚ 'ਭੱਲੇ ਖੱਤਰੀ ਦੀ ਹੱਟੀ' ਬੂਟ ਜੁਤੀਆਂ ਵੇਚਣ ਦੀ ਆਦਿਕ ਅਨੇਕਾਂ ਹਨ)।



ਭਗਤਾ ਕੀ ਹਰਨਾਖਸ ਜਿਉ ਪਚਿ ਜਾਵੈ ਗੋ।੫। ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ॥੬। ਜਾਤ ਨ ਜਾਤਿ ਦੇਖ ਮਤ ਭਰਮਹੁ ਸੁਕ ਜਨਕ ਪਗੀਂ ਲਗ ਧਿਆਵੈ ਗੋ' ਕਾਨੜਾ ਮਃ ੪॥ "ਭਗਤ ਸਰਣਿ ਜੋ ਆਵੈ ਪ੍ਰਾਣੀ ਤਿਸੁ ਈਹਾ ਊਹਾ ਨ ਹਾਰਨਾ' ਰਾਮਕਲੀ ਮਃ ੫॥

ਇਹਨਾਂ ਅਤੇ ਹੋਰਨਾਂ ਬਚਨਾਂ ਤੇ ਸਪਸ਼ਟ ਹੁੰਦਾ ਹੈ ਕਿ ਭਗਤ ਤੇ ਭਗਤੀ ਦਾ ਜਸ ਪ੍ਰਤਾਪ ਪਰਮ ਉਚਾ ਹੈ। ਹੋਰ ਸਾਰੇ ਪਰਪੰਚਾਂ ਨਾਲੋਂ ਕੇਵਲ ਪ੍ਰੇਮ ਭਗਤ ਦਾ ਹੀ ਰਸਤਾ ਸੱਚਾ ਹੈ। ਸੋ ਭਗਤੀ ਦਾ ਨਿਰੋਲ ਰਸਤਾ ਭਗਤ ਬਿਨਾਂ ਹੋਰ ਕਿਤੋਂ ਨਹੀਂ ਪ੍ਰਾਪਤ ਹੁੰਦਾ,ਤਾਂਤੇ ਭਗਤਦੀ ਸਰਨ ਪੈਣ ਤੇ ਹੀ ਪਰਮਾਨੰਦ ਹੁੰਦਾਹੈ,ਇਹ ਰਸਤਾ ਦਸਨ ਲਈ ਰਵਿਦਾਸ ਜੀ ਸਾਹਿਬ ਨੇ ਗੁਰਮੁਖੀ ਰਚੀ ਤੇ ਇਸ ਵਿਚ ਬਹੁਤ ਸੁਖੈਨ ਬਾਣੀ ਰਚਕੇ ਸਿਧੇ ਸਾਦੇ ਬੰਦਿਆ ਗੁਰਮੁਖਿ ਤੇ ਰੈਦਾਸ ਆਦਿਕਾਂ ਨੂੰ ਸਿਖਾਈ। ਰੈਦਾਸ ਜੀ ਨੇ ਆਪ ਦੀ ਬਾਣੀ ਵਿਚ ਲਿਖਿਆ ਹੈ,ਕਿ 'ਚਲ ਮਨ ਹਰਿ ਚਟਸਾਲ ਪੜ੍ਹਾਊਂ।੧। ਰਹਾਉ। ਗੁਰ ਕੀ ਸਾਟਿ ਗਿਆਨਕਾ ਅਛਰ ਬਿਸਰੈ ਤੋ ਸਹਜ ਸਮਾਧਿ ਲਗਾਊਂ।੧। ਪ੍ਰੇਮ ਕੀ ਪਾਟੀ ਸੁਰਤਿ ਕੀ ਲੇਖਨਿ **ਸਸਾ ਤਤਾ** *ਲਿਖਿ ਆਂਖ ਲਖਾਊਂ"।੨। ਜਿਸਕੋ ਖੋਜਤ ਫਿਰੇ

---

* ਕਈ ਲਿਖਤ ਦੇ ਪੁਸਤਕਾਂ ਵਿਚ ਸਸਾ ਤਤਾ ਦੀ ਥਾਂ ਰਾਰਾ ਗਗਾ ਲਿਖਿਆ ਹੈ ਔਰ 'ਰੈਦਾਸ ਜੀ ਦੀ ਬਾਣੀ 'ਇਲਾਹਾਬਾਦ ਬੇਲਵੇ ਡੀਅਰ ਪ੍ਰੈਸ ਦੀ ਛਪੀ ਵਿਚ ਸਸਾ ਤਤਾ ਦੀ ਥਾਂ ਰਾਰਾ ਮੰਮਾ ਲਿਖਿਆ ਹੈ।

ਨੰ: ੫੬੯-ਦੇ-ਅ-੫੩ ਸ੍ਰੀ ਅਮ੍ਰਿਤਸਰ ਮਿਤੀ ੧੨-੨-੧੯੩੨ ਸੇਵਾ ਵਿਖੇ ਮਹੰਤ ਜਸਵੰਤ ਸਿੰਘ ਜੀ ਅਮ੍ਰਿਤਸਰ ਸ੍ਰੀ ਮਾਨ ਜੀ ਆਪ ਜੀ ਦੀ ਚਿਠੀ ਅਨੁਸਾਰ ਗੁ: ਕਮੇਟੀ ਗੋਇੰਦਵਾਲ ਪਾਸੋਂ ਪੁਛ ਕੀਤੀ ਗਈ ਹੈ। ਪ੍ਰਧਾਨ ਸਾਹਿਬ ਨੇ ਹੇਠ ਲਿਖਿਆ ਉਤਰ ਦਿਤਾ ਹੈ—

ਮੈਂ ਆਪ ਭੀ ਉਸ (ਬਾਬੇ ਮੋਹਨ ਜੀ ਦੀਆਂ ਸੈਂਚੀਆਂ ਦੇ ਪੰਨੇ ੨੮੩ ਤੇ ਅੰਗ ੨੧੫ ਉਪਰ ਦੀ ਲਿਖਤ ਦੇ ਦਰਸ਼ਨ ਕੀਤੇ ਹਨ ਤੇ ਇਹ ਅਖਰ ਠੀਕ ਹੀ ਪਿਛੋਂ ਲਿਖੇ ਜਾਪਦੇ ਹਨ।

ਦਾਸ—ਜੈਮਲਸਿੰਘ ਮੀਤ ਸਕਤ੍ਰ ਸ੍ਰੋਮਣੀ ਗੁ:ਪ੍ਰ:ਕ:ਅਮ੍ਰਿਤਸਰ

ਨੋਟ- ਉਪਰ ਲਿਖੀਆਂ ਸੈਂਚੀਆਂ ਵਿਚ ਕਿਸੇ ਖੁਦਗਰਜ਼ੀ ਦੇ ਝੂਠੇ ਚੋਰੀ ਲਿਖੇ ਗੁਰਮੁਖੀ ਅਖਰ ਗੁਰੂ ਅੰਗਦ ਜੀ ਨੇ ਬਨਾਏ ਸਬੰਧੀ ਦਾਸ ਨੇ ਅਖਬਾਰ "ਖਾਲਸਾ ਤੇ ਖਾਲਸਾ ਐਡਵੋਕੇਟ ੫ ਦਸੰਬਰ ਸੰ: ੧੯੩੧ ਦੇ ਪੰਨੇ ੪-੫ ਉਪਰ ਬਹੁਤ ਸਾਰਾ ਵਿਸਥਾਰ ਨਾਲ ਲੇਖ ਛਪਵਾਇਆ॥

ਔਰ ਮੌਜੀ ਅਮ੍ਰਿਤਸਰ ੨੮ ਦਸੰਬਰ ੧੯੩੧ ਜਿਲਦ ੧੦ ਨੰਬਰ ੫੦ ਵਿਚ ਲੇਖ ਛਪਵਾਇਆ॥

ਨੋਟ—ਹੋਰ ਭੀ ਅਨੇਕਾਂ ਥਾਂਈਂ ਲੇਖ ਦੇਕੇ ਅੰਤ ਨੂੰ ਸੰਤ ਮਤਿ ਅਕਾਸ਼ਬਾਣੀ ਸੈਂਚੀ ੨ ਤਾਰੀਖ ੧੭ ਜੂਨ ਸ: ੧੯੩੨ ਪੰਨਾ ੩ ਤੇ ੬ ਉਪਰ ਲੇਖ ਛਪਵਾਇਆ ਕਿ ਸਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਜਾਂ ਚੀਫ ਖਾਲਸਾ ਦੀਵਾਨ ਆਦਿਕ ਕਿਸੇ ਭੀ ਜੁੰਮੇਵਾਰ ਸੁਸੈਟੀ ਦੀ ਰਾਹੀਂ ਪੰਥ ਏਸ ਸਵਾਲ ਨੂੰ ਆਪਣੇ ਹਥ ਵਿਚ ਲੈ ਲਵੇ।



ਆਪ ਹੁਣ ਪੰਥ ਨੂੰ ਸੰਤ ਮਤਿ ਅਕਾਸ਼ਬਾਣੀ ਦੇ ਕਾਲਮਾਂ ਦਵਾਰਾ ਇਕ ਮਹੀਨੇ ਦਾ ਨੋਟਸ ਦੇਂਦੇ ਹਨ ਕਿ ਜਾਂ ਤਾਂ ਇਕ ਮਹੀਨੇ ਦੇ ਅੰਦਰ ਪੰਥ ਏਸ ਮਾਮਲੇ ਨੂੰ ਆਪਣੇ ਹਥ ਵਿਚ ਲੈਕੇ ਵਿਦਵਾਨਾਂ (ਖੋਜੀਆਂ) ਦੇ ਸਾਹਮਣੇ ਰਖ ਦੇਵੇ ਤੇ ਮੇਰੀ ਖੋਜ ਦੇ ਬਾਰੇ ਚੰਗੀ ਮੰਦੀ ਰਾਇ ਪਰਗਟ ਕਰ ਦੇਵੇ (ਤੇ ਦਾਸ ਦੇ ਬਰਖਿਲਾਫਾਂ ਲਈ ਮੇਰਾ ਉਤਰ ਸੁਣ ਲਵੇ)। ਨਹੀਂ ਤਾਂ ਆਪ ਜੀ ਦੀ ਖੋਜ ਨੂੰ ਪ੍ਰਮਾਣੀਕ ਤੇ ਠੀਕ ਮੰਨਕੇ ਇਤਿਹਾਸ ਵਿਚ ਸ਼ਾਮਲ ਕਰ ਦਿਤੇ ਜਾਣ ਦੇ ਯੋਗ ਸਮਝ ਲਿਆ ਜਾਵੇਗਾ ਤੇ ਇਸ ਦੇ ਮਗਰੋਂ ਬਾਬਾ ਜੀ (ਸਤਿ ਦਰਬਾਰੀ ਕਰਤਾ ਸ੍ਰੀ ਰਵਿਦਾਸ ਪ੍ਰਗਾਸ) ਦੀ ਖੋਜ ਨੂੰ ਉਲਟਣ ਦਾ ਹਕ ਕਿਸੇ ਵਿਦਵਾਨ ਨੂੰ ਨਹੀਂ ਰਹੇਗਾ। ਸ੍ਰੀ ਰਵਿਦਾਸ ਸੁਆਮੀ ਜੀ ਦੇ ਕੰਮ:—

ਉਪਰ ਲਿਖੇ ਨਿਰੰਜਨ ਨੇ ਹੀ ਸਭ ਤੋਂ ਪਹਿਲੇ ਆਪਦੇ ਸ਼ਬਦ ਨਾਲ ਸਾਰੀ ਰਚਨਾ ਕੀਤੀ ਹੈ ਤੇ ਸਭ ਨੂੰ ਜੀਅ ਦਾਨ ਦੇਕੇ ਰਿਜਕ ਅਪੜਾ (ਪਹੁੰਚਾ) ਰਿਹਾ ਹੈ।

ਔਰ ਕਾਰਣ ਸਰੀਰ ਤੋਂ ਲੈਕੇ ਅਸਥੂਲ ਸਰੀਰ ਦੇ ਹਾਡ, ਮਾਸ, ਨਾੜੀਂ ਤੇ ਚਮੜੇ ਆਦਿਕਾਂ ਦੇ ਤਨ ਬਣਾਕੇ ਜੀਵਾਂ ਨੂੰ ਸਤਿਨਾਮ ਦੇ ਰਾਹੀਂ ਆਪ ਦੇ ਨਾਲ ਤੇ ਚਾਮ ਦੇ ਰਾਹੀਂ ਸੰਸਾਰ ਦੇ ਨਾਲ ਜੋੜ ਦਿਤਾ ਹੈ। ਜਿਸ ਕਰਕੇ ਜੀਵ ਮਨ ਭਾਉਂਦੇ ਸੈਰ ਕਰਨ। ਇਹ ਕੰਮ ਕਰਕੇ ਆਪ ਇਨਾਂ ਤੋਂ ਵਖਰਾ ਨਹੀਂ ਹੋ ਬੈਠਾ। ਉਹ ਸਰਬ ਬਿਆਪੀ ਬਣਕੇ ਸਭ ਦੀ ਸੰਭਾਲ ਕਰ ਰਿਹਾ ਹੈ। ਜਿਵੇਂ ਕਿਸੇ ਦਾ ਕਿਸੇ ਉਪਾਧ

ਕਰਨ ਤੇ ਸੰਕਲਪ ਪੂਰਾ ਹੋ ਜਾਇਆ ਕਰੇਗਾ, ਸਤਿ ਕਰ ਮੰਨਣਾ। ਨਿਤਾ ਪ੍ਰਤ ਅਮ੍ਰਿਤ ਵੇਲੇ ਸਤਿ ਅਮ੍ਰਿਤ ਬਾਣੀ ਦਾ ਕਮ ਤੇ ਕਮ ਇਕ ਪਾਠ ਜ਼ਰੂਰ ਕਰਣਾ, ਰਾਤ ਨੂੰ 'ਨਾਮ ਤੇਰੋ ਆਰਤੀ' ਕਰਣੀ। ਧਰਮ ਦੀ ਕਮਾਈ ਕਰਨੀ, ਵੰਡ ਛਕਣਾ ਤੇ ਨਾਮ ਜਪਣਾ। ਨਿਹਚੇ ਕਰਕੇ ਅੰਗਮ ਪੁਰੇ ਵਿਚ ਪਹੁੰਚ ਜਾਵੇਂਗੇ ਅਤੇ ਸਦਾ ਹੀ ਪਰਮਾਨੰਦ ਪ੍ਰਾਪਤਿ ਹੋਵੇਗਾ।

ਲੋਕ ਪਰਲੋਕ ਦੇ ਸੁਧਾਰਵਾਸਤੇ ਕੇਵਲ 'ਸਤਅਮ੍ਰਿਤ ਬਾਣੀ' ਦੀ ਵਰਤੋਂ ਤੇ ਹਰਿ ਪ੍ਰੇਮ ਭਗਤਿ ਦਾ ਹੀ ਰਸਤਾ ਹੈ ਇਸੇ ਰਸਤੇ ਹੀ ਅਗਮ ਪੁਰੇ ਵਿਚ ਪਹੁੰਚ ਜਾਈਦਾ ਹੈ। ਸੁਣਕੇ ਦਾਸ ਨੇ ਸਿਰ ਝੁਕਾਕੇ ਨਮਸਕਾਰ ਕੀਤੀ ਤੇ ਅੱਖਾਂ ਖੋਲ੍ਹਕੇ ਵੇਖਿਆ ਉਹ ਬਹੁਤ ਸਾਰੇ ਉਥੇ ਜਾਂਦੇ ਝੌਲੇ ਨ ਦਿਸੇ। ਫਿਰ ਅਸਥੂਲ ਅੱਖਾਂਤੋਂ ਪਰੇ ਹੋ ਗਏ ਤੇ ਅੰਦ੍ਰ ਦਿਸੇ। ਦਾਸ ਉਨਾਂ ਦੇ ਦਿਤੇ ਹੋਏ ਹੁਕਮ ਅਨੁਸਾਰ ਸੇਵਾ ਕਰਨ ਲੱਗ ਗਿਆ॥

ਦਾਸ ਨੇ ਗੋਇੰਦਵਾਲ ਬਾਬੇ ਮੋਹਨ ਜੀ ਦੀਆਂ ਸੰਚੀਆਂ ਦੇ ਦਰਸ਼ਨ ਕਰਨ ਲਈ ੧।) ਦਿਤੇ ਦੀ ਰਸੀਦ ਦਾ ਨੰਬਰ ੯੫੦ ਮਿਤੀ ੨੪-੧੦-੩੧॥

ਦਸਖਤ ਮੋਤੀ ਸਿੰਘ ਮੈਨੇਜਰ।

ਉਪਰ ਲਿਖੀਆਂ ਸੰਚੀਆਂ ਵਿਚ ਮੰਗਲਾ ਚਰਣ, ਭਗਤਾਂ ਦੀ ਬਾਣੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾ ਚਰਨਾਂ ਨਾਲੋਂ ਵਖਰੇ ਹੋਰ ਭਾਂਤ ਦੇ ਹਨ ਔਰ ਭਗਤਾਂ ਦੀ ਬਾਣੀ ਵਿਚ ਦੇ ਕੰਨੇ ਮਿਟਾਕੇ ਉਨਾਂ ਦੀ ਥਾਂ ਸਾਰੀਆਂ ਸੰਚੀਆਂ ਵਿਚ ਬਿੰਦੀ ਲਾਈ ਹੋਈ ਹੈ। ਹੋੜੇ ਕਨੌੜੇ ਵੀ ਹੁਣ



ਨਾਲੋਂ ਪੁਠੇ ਜਿਹੇ ਤੇ ਅਖਰਾਂ ਵਿਚ ਭੀ ਕਈ ਫਰਕ ਹਨ ਤੇ ਸੰਸਕ੍ਰਿਤ ਲਿਪੀ ਦੀ ਰੰਗਣ ਦੇ ਹਨ। ਔਰ ਪਤਰੇ ਦੇ ਅੰਗ ੨੨੩ ਤੇ ਅੰਗ ੨੧੫ ਹਾਸ਼ੀਏ ਦੇ ਬਾਹਰ ਵਾਲੇ ਦੇ ਦੂਜੇ ਪਾਸੇ ਲਿਖਿਆ ਹੋਇਆ ਹੈ ਕਿ--

**"ਗੁਰੂ ਅੰਗਦ ਗੁਰਮੁਖੀ ਅਖਰ ਬਨਾਏ ਬਾਬੇ ਦੇ ਅਗੈ ਸਬਦ ਭੇਟ ਕੀਤਾ॥"**

ਨੋਟ—ਇਹ ਕਿਸੇ ਖੁਦਗਰਜੀ ਨੇ ਸੰਚੀਆਂ ਵਿਚ ਮਗਰੋਂ ਚੋਰੀ ਝੂਠਾ ਲੇਖ ਲਿਖ ਦਿਤਾ ਹੈ। ਦਾਸ ਨੇ ਇਨਾਂ ਸਬੰਧੀ ਉਥੋਂ ਦੇ ਮੈਨੇਜਰ ਤੋਂ ਪੁਛ ਕੀਤੀ ਉਸਦੇ ਉਤ੍ਰ ਦੀ ਨਕਲ ਵਲੋਂ ਦਫਤਰ ਮੈਨੇਜਰ ਗੁਰਦਵਾਰਾ ਗੋਇੰਦਵਾਲ ਜਿਲਾ ਅਮ੍ਰਿਤਸਰ ਨੰਬਰ ੭੦੧ (ਤਾਰੀਖ) ੨-੧੧-੩੧

ਪਰਮ ਕ੍ਰਿਪਾਲੂ ਜੀਓ! ਆਪ ਜੀ ਦਾ ਇਕੋ ਰਜਿਸਟਰੀ ਕਾਰਡ ਪੁਜਾ ਹੈ ਇਸਤੋਂ ਪਹਿਲੇ ਕੋਈ ਕਾਰਡ ਨਹੀਂ ਪੁਜਾ, ਉਤਰ ਵਿਚ ਬੇਨਤੀ ਹੈ ਕਿ ਜੋ ਹਰਫ ਆਪ ਜੀ ਨੇ (ਬਾਬੇ ਮੋਹਨ ਜੀ ਦੀਆਂ ਸੰਚੀਆਂ ਦੇ ਪਤਰੇ ੨੨੩ ਤੇ ੨੧੫ ਅੰਗ ਤੇ) ਵੇਖੇ ਹਨ ਮਲੂਮ ਹੁੰਦਾ ਹੈ ਕਿ ਇਹ ਅਖਰ ਬਹੁਤ ਪੁਰਾਣੇ ਹਨ। ਪਰ ਸੰਚੀਆਂ ਦੇ ਹਰਫਾਂ ਨਾਲ ਹਰਫ ਨਹੀਂ ਮਿਲਦੇ ਨਾਹੀ ਸਿਆਹੀ ਮਿਲਦੀ ਹੈ। ਮੈਂ ਤਾਂ ਇਥੇ ਸਿਰਫ ਦੋ ਸਾਲ ਦਾ ਨੌਕਰ ਹਾਂ॥

ਦਾਸ ਮੋਤੀਸਿੰਘ ਮੈਨੇਜਰ ਗੁਰਦਵਾਰਾ ਸ੍ਰੀ ਗੋਇੰਦਵਾਲ
ਜਿਲਾ ਅਮ੍ਰਿਤਸਰ

ਤਾਰ ਦਾ ਪਤਾ ਦਫਤ੍ਰ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ

ਅਸਵਾਰ ਹੁੰਦਾ ਸੀ। ਮਗਰੋਂ ੭੦੦੦ ਹੋਗਏ ਸੇ। ਇਨਾਂ ਦੇ ਛੋਟੇ ਚਾਰ ਭਾਈ ਦੋ ਭੈਣਾ (ਬੀਰਸਿੰਘ, ਧੀਰਸਿੰਘ, ਕਰਮ ਸਿੰਘ,ਧਰਮਸਿੰਘ, ਰਤਨ ਕੌਰ ਤੇ ਬਚਨ ਕੌਰ ਨਾਮੇ) ਸਨ। ਇਹਸਾਰੇ ਹੀਭੈਣ ਭਾਈ ਬੜੇ ਸੂਰਮੇ ਬਹਾਦਰਸੇ ਪਰ ਸ੍ਰਦਾਰ ਬੀਰ ਸਿੰਘ ਜੀ ਅਦੁਤੀ ਜੋਧੇ ਸੀ ਜਿਨਾਂ ਦੇ ਬਦਨ ਉਪਰ ਸ਼ਸਤ੍ਰਾਂਦੇ੮੧ਨਿਸ਼ਾਨ ਸਨ ਇਨਾਂਦੇ ਗੋਤਅਨਬਿਧ ਮਟੇਇਏ ਸੇਵਾਸਿੰਘ ਨੇ ਚਮੜੇ ਦੀ ਤੋਪ ਬਣਾਈ। ਜਿਸਨੂੰ ਵੇਖਕੇ ਸ਼ੇਰੇ ਪੰਜਾਬ (ਰਣਜੀਤ ਸਿੰਘ) ਨੇ ਖੁਸ਼ ਹੋਕੇ ਅਨਾਮ ਦਿਤਾ ਸੀ। ਜਦੋਂ ਮੈਂ ਬੁਟਾਹਰੀਵਾਲੇ ਸ਼ੇਰ ਸਿੰਘ ਸ੍ਰੀ ਮਾਨ ਗੁਜਰ ਸਿੰਘ ਜੀ ਦੇ ਬੇਟੇ ਜਿਸਨੇ ਮਗਰੋਂ ਸਰਕਾਰ ਅੰਗਰੇਜੀਪਾਸੋਂ ਚੌਧਰੀ ਦਾ ਖਤਾਬ ਪ੍ਰਾਪਤਿ ਕਰ ਲੀਤਾ ਸੀ ਨੂੰ ਸਾਥ ਲੈਕੇ ਛੰਦੜਾਂ ਵਾਲੇ ਸਰਬੰਗੀਆਂ ਦੇ ਮੁਕਦਮੇ ਵੇਲੇ ਪਟਿਆਲੇ ਗਿਆ ਸੀ ਓਦੋਂ ਗਿਆਨੀ ਗਿਆਨ ਸਿੰਘ ਜੀ ਦੇ ਕਾਗਜ਼ਾਂ ਵਿਚ ਉਪਰ ਲਿਖੇ ਹੋਇਆਂ ਦੀਆਂ ਬਹਾਦਰੀਆਂ ਤੇ ਜੰਗਾਂ ਜੁਧਾਂਵਿਚਜਾਨਾਂ ਵਾਰੀਆਂ ਤੇ ਦਲਾਂ ਤੇ ਨਾ ਹਾਰਨ ਦੇ ਲੇਖਹੀ ਨਹੀ ਬਲਕਿ ਇਨਾਂਦੀ ਬੰਸ ਵਿਚੋਂ ਬੰਦਿਆਂ ਦਾ ਦੁਆਬੇ ਜਿਲਾ ਹੁਸ਼ਿਆਰ ਪੁਰ ਵਿਚ ਜਾਂ ਰਹਿਣਾ' ਉਥੋਂ ਫਿਰ ਪਿੰਡ ਤੁੜਕੇ ਤਹਿਸੀਲ ਜਗਰਾਓ ਜਲਾ ਲੁਧਿਆਨਾ ਵਿਚ ਆ ਰਹਿਣਾ ਲਿਖਿਆ ਭੀ ਪੜ੍ਹਿਆ ਸੀ।

ਨੋਟ—ਇਹ ਤੁੜਕਾ ਭੰਗੂਆ ਦਾ ਹੈ ਜਿਥੋਂ ਉਨਾਂ ਦੇ ਹੀ ਵਿਚੋਂ ਖੇੜੀ ਚਾਹਲਾਂ ਦੀ ਤਲਵੰਡੀ ਨੀਵੀਂ ਢਾਹੇ ਦੀ, ਮੋਹੀ, ਲੀਲ ਤੇ ਘੁੱਬਦੀ ਆਦਿਕ ਪਿੰਡਾਂ ਵਿਚ ਜਾ ਜਾਕੇ ਪਰਗਾਰ ਤੇ ਪਰਉਪਕਾਰ ਕੀਤੇ ਸਨ। ਦਾਸ ਪਾਸ ਹੋਰ ਭੀ



ਬਹੁਤ ਸਾਰੇ ਸਿਆਣਿਆਂ ਪਾਸੋਂ ਸੁਣਕੇ ਨੋਟ ਕੀਤੇ ਹੋਏ ਹਨ। ਜਿਨਾਂ ਨੂੰ ਦਾਸ ਜਾਂ ਹੋਰ ਕੋਈ ਸਤਿ ਦਰਬਾਰੀ ਫੇਰ ਕਿਸੇ ਵੇਲੇ ਇਤਹਾਸ ਵਿਚ ਲਿਖੇਗਾ।

'ਬਰ ਹਰ ਕੰਪੈ ਬਾਲਾ ਜੀਉ।* ਕਬੀਰ ਜੀ 'ਰਸਨਾ ਰਾਮ ਨਾਮ ਹਿਤ ਜਾਕੈ ਕਹਾ ਕਰੈ **ਜਮਨਾ**'। **ਦਾਸ** ਨੂੰ ਕਸ਼ਮੀਰ ਦੀ ਸੈਰ ਵਾਸਤੇ ਗਏ ਨੂੰ ਸ੍ਰੀ ਨਗਰ ਦੀ ਡਲ ਝੀਲ ਦੇ ਪਾਣੀ ਨਾਲ ਪੰਜ ਇਸਨਾਨਾਂ ਕਰੀ ਬੈਠੇ ਇਕ ਸੰਤ ਦੇ ਦਰਸ਼ਨ ਹੋਏ। ਮੈਂ ਆਪ ਦੇ ਬਾਪ ਜੈਸਾ ਵੇਖਕੇ ਜਾ ਚਰਣੀ ਲਗਾ। ਉਸ ਦਇਆਲੂ ਕਿਰਪਾਲੂ ਨੇ ਬੇਅੰਤ ਲਾਭਵਾਲੇ ਉਚੇ ਤੋਂ ਉਚੇ ਬਹੁਤ ਸਾਰੇ ਬਚਨ ਸੁਣਾਕੇ ਸਤਿ ਅਮ੍ਰਿਤ ਛਕਾਇਆ। ਬਹੁਤ ਦਿਨਾਂ ਮਗਰੋਂ ਉਹ ਉਚੇ ਪਰ ਵਤ ਉਪਰ ਨੂੰ ਤਿਆਰ ਹੋ ਗਏ। ਦਾਸ ਨੇ ਨਾਲ ਰਹਿਕੇ ਉਨਾਂ ਦੀ ਸੇਵਾ ਕਰਨ ਵਾਸਤੇ ਬੇਨਤੀ ਕੀਤੀ ਤੇ ਹੁਕਮ ਹੋਇਆ ਪਹਿਲੇ ਸਾਡੀ ਇਹ ਸੇਵਾ ਕਰੋ ਕਿ ਆਪ ਦੇ ਭਾਈਆਂ ਨੂੰ ਹਰ ਪ੍ਰੇਮ ਭਗਤਿ ਦੇ ਰਸਤੇ ਪਾਵੋ। ਮੈਨੂੰ ਉਦਾਸ ਵੇਖਕੇ ਆਖਿਆ ਫਿਕਰ ਨਾ ਕਰ ਅਸੀਂ ਤੇਰੇ ਅੰਗ ਸੰਗ ਹੈਂ। ਔਕੜ ਵੇਲੇ 'ਸਤਿ ਅਮ੍ਰਿਤ ਬਾਣੀ' ਦਾ ਪਾਠ ਕਰਕੇ ਮਾਨੁਖਾ ਅਵਤਾਰ ਦੁਲਭ ਸੁਆਮੀ ਜੀ ਅਗੇ 'ਚਿਤ ਸਿਮਰਨ ਕਰਉ':ਸ਼ਬਦ ਦਾ ਇਕ ਮਨ ਹੋਕੇ ਪਾਠ ਕਰਕੇ 'ਨਮਸਕਾਰ'

* ਬਾਪੂ ਜੀ ਇਕ ਚੋਟੀ ਦੇ ਪ੍ਰੇਮ ਭਗਤਿ ਦੇ ਰਸੀਏ ਸੀ। ਇਸੇ ਲਈ ਉਨਾਂ ਦੀ ਬਚਨ ਸਿੱਧੀ ਸੀ,ਦਾਸ ਉਪਰ ਉਨਾਂ ਦੀ ਅਪਾਰ ਕ੍ਰਿਪਾ ਤੇ ਮੇਹਰ ਹੈ।

ਲਿਖੀਆਂ। ਵੇਖੋ 'ਸ੍ਰੀ ਰਵਿਦਾਸ ਪ੍ਰਗਾਸੁ ਦੇ ਮਹਾਨ ਕੋਸ਼ ਵਿਚ। ਸਭ ਤੋ ਪਿਛੇ ਜੀਵਨ ਦਾਸ ਹੈ। ਇਹ ਸ੍ਰੀ ਰਵਿਦਾਸ ਪ੍ਰਗਾਸੁ ਵਿਚ ਛਾਪੇਖਾਨੇ ਦੀ ਗਲਤੀ ਨਾਲ ਦਇਆ ਕੌਰ ਜੀ ਦਾ ਭਾਈ ਛਪਿਆ ਹੈ ਪਰ ਇਹ ਦਇਆ ਕੌਰ ਜੀ ਦਾ ਭਤੀਜਾ ਸੀ। ਸਭ ਤੋਂ ਪਹਿਲੇ ਸ੍ਰੀ ਰਵਿਦਾਸ ਸਾਹਿਬ ਜੀ ਪੰਜ ਸਾਲ ਦੇ ਨੇ ਹੀ ਇਸ ਜੀਵਨ ਦਾਸ ਤੇ ਇਸਦੀ ਸੁਪਤਨੀ ਭਾਨੀ ਨੂੰ ਗੁਰ ਮੰਤਰ ਦੇਕੇ ਪ੍ਰੇਮ ਭਗਤਿ ਦੇ ਰਸਤੇ ਪਾਇਆ ਸੀ। ਜਿਸਦੇ ਸਾਧਨ ਕਰਨ ਤੇ ਇਹ ਭਵਸਾਗਰ ਤੋਂ ਪਾਰ ਹੋਕੇ ਅਗਮ ਪੁਰੇ ਦੇ ਵਾਸੀ ਹੋਏ। ਇਨਾਂ ਦੇ ਕੇਸ ਦਾਹੜੇ ਤੇ ਸਿਧੇ ਸਾਦੇ ਖੱਦਰ ਚੌਸੀ ਦੇ ਪਹਿਰਾਵੇ ਕਿਆ ਢੰਗੋ ਸਜ ਰਹੇ ਹਨ।

ਹੁਣ ਦਾਸ ਆਪ ਦੇ ਬਜੁਰਗਾਂ ਦੇ ਸੰਖੇਪ ਸਮਾਚਾਰ ਲਿਖਕੇ ਇਸ ਪੁਸਤਕ ਦੀ ਸਮਾਪਤੀ ਕਰੇਗਾ। ਜਿਵੇਂ "ਗਰੀਬ ਦਾਸ ਕੀ ਪ੍ਰਭ ਸਰਣਾਇ' ਗੌਂਡ ਮਃ ੫।

ਨੋਟ—ਪਿੰਡ ਰੁੜਕਾ ਤਹਿਸੀਲ ਜਗਰਾਓਂ ਜਿਲਾ ਲੁਧਿਆਨਾ ਵਾਲਾ ਡੇਰਾ ਅੰਗ੍ਰੇਜ਼ਾਂ ਦੀ ਪਹਿਲੀ ਬੰਦੋਬਸਤ ਵਿਚ ਮੇਰੇ ਦਾਦੇ ਜੀ ਦੇ ਨਾਮ ਸਰਕਾਰੀ ਕਾਗਜਾਂ ਵਿਚ ਦਰਜ ਹੈ। ਜਿਸ ਵਿਚ ਸ੍ਰੀ ਮਾਨ ਮਹੰਤ ਗਰੀਬ ਦਾਸ ਜੀ ਸਾਹਿਬ ਨੇ ੨੧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖੇ ਸੀ। ਜਿਨਾਂ ਵਿਚੋਂ ਇਕ ਹੁਣ ਭੀ ਸਾਡੇ ਕੋਲ ਹੈ। ਇਨਾਂ ਦੇ ਪੜਦਾਦੇ ਸ੍ਰੀ ਮਾਨ ਸਰਦਾਰ ਮਦਨ ਸਿੰਘ ਜੀ ਸਾਹਿਬ ਥੇ। ਜਿਨਾਂ ਨੂੰ ਸਾਰੇ ਖਾਲਸਾ ਪੰਥ ਨੇ ਸ੍ਰੀ ਰਵਿਦਾਸ ਜੀ ਸਾਹਿਬ ਦੇ ਚੇਲੇ ਰੈਦਾਸ ਜੀ ਸਾਹਿਬ ਦੀ ਅੰਸ (ਬੰਸ) ਵਿਚੋਂ ਪਹਿਲੇ ਪਹਿਲ ਸ੍ਰੀ ਗੁਰੂ



ਗੋਬਿੰਦ ਸਿੰਘ ਜੀ ਸਾਹਿਬ ਤੋਂ ਅਮ੍ਰਿਤ ਛਕਣਵਾਲੇ ਸਰਦੂਲ ਸਿੰਘ ਜੀ ਦਾ ਪੜਪੋਤਾ ਜਾਣਕੇ ਸਮੂਹ ਸਿੰਘ ਪੰਥ ਦੇ ਪੰਜਵੇਂ ਜਥੇ ਦਾ ਜਥੇਦਾਰ ਸਰਦਾਰ ਬੜੇ ਆਦਰ ਭਾਵ ਅਤੇ ਸਤਕਾਰ ਨਾਲ ਥਾਪਿਆ ਸੀ। ਵੇਖੋ ਸ੍ਰੀ ਗੁਰ ਪੰਥ ਪ੍ਰਕਾਸ ਨਿਵਾਸ ੬੭ ਪੰਨਾਂ ੫੬੮ ਜਥੇ ਰਚਨ ਪ੍ਰਸੰਗ।

ਕ੍ਰਿਤ ਗਿਆਨੀ ਗਿਆਨ ਸਿੰਘ ਜੀ
ਵਿਚ ਲਿਖਿਆ ਹੈ ਉਹ ਇਸਤਰਾਂ ਹੈ—

।ਚੌਪਈ।

ਦੀਪ ਸਿੰਘ ਸ਼ਹੀਦ ਸੁਧਾਸਰ। ਜਥਾ ਏਕ ਇਨ ਤਾਬੇ ਦਿਯ ਕਰ। ਕਰਮ ਧਰਮ ਸਿੰਘ ਅਮ੍ਰਿਤ ਸਰੀਐ। ਦੋਨੋ ਦੂਜਾ ਜਥਾ ਖਤਰੀਐ। ਕਾਹਨ ਬਿਨੋਦ ਸਿੰਘ ਦੁਇ ਭਾਵੇ। ਤੇਹਣ ਭੱਲੇ ਗੋਤ ਸਦਾਵੇ। ਤੀਸਰ ਕਰਿਓ ਸਪੁਰਦ ਇਨੋਂ ਕੇ। ਗੁਰੂ ਅੰਸ ਗੁਨ ਕਹੇ ਜਿਨੋਂ ਕੇ। ਸਿੰਘ ਦਸੌਂਧੇ ਚਤਰਥ ਦੀਨਾ। ਗਿੱਲ ਗੋਤ ਜੱਟ ਜਾਤ ਪਰਬੀਨਾ। **ਮਦਨਸਿੰਘ** ਸਿੰਘਬੀਰ ਬਹਾਦਰ। ਪੰਚਮ ਜਥਾ ਇਨੈ ਦਿਯ ਸਾਦਰ। ਇਸ ਮੈਂ ਬਹੁ ਰਵਿਦਾਸੀਏ ਮਜਬੀ‡ ਜੰਗ ਜਦਲ ਹਿਤ ਥੇ ਬਡ ਗਜਵੀ।

ਸ੍ਰੀ ਮਾਨ ਸਰਦਾਰ ਮਦਨਸਿੰਘ ਜੀ ਪਿੰਡ ਐਤੀਆਣਾ ਪਰਗਨਾ ਅਕਾਲਗੜ ਜਿਲਾ ਲੁਧਿਆਣਾ ਦੇ ਸੀ ਜਿਨਾਂ ਦੇ ਜਥੇ ਵਿਚ ਪਹਿਲੇ ਇਕ ਹਜਾਰ (੧੦੦੦ ਘੋੜ ਚੜਾ)

‡ਸ੍ਰੀ ਰਵਿਦਾਸ ਪੰਥੀਏ। ਭਾਵ- ਇਸ ਮਜਬ ਦੇ

ਅਪਾਰ ਪ੍ਰੇਮ ਭਗਤਿ ਤੇ ਸ਼ਾਂਤੀ ਰਸ ਭਾਸ ਰਿਹਾ ਹੈ। ਇਨਾਂ ਦੇ ਸੱਜੇ ਹੱਥ ਖੜੋਤੇ ਰਾਣਾ ਕੁੰਭ ਸਿੰਘ ਦੀ ਤਲਵਾਰ ਗੁਰੂ ਸਿੱਖਣੀ ਨੂੰ ਕਤਲ ਕਰਣ ਵਾਲੀ ਜਮੀਨ ਤੇ ਗਿਰ ਚੁੱਕੀ ਹੈ ਤੇ ਉਸਦੇ ਆਪ ਮੁਹਾਰੇ ਹਥ ਜੁੜਕੇ ਸਾਹਿਬ ਜੀ ਅਗੇ ਸਿਰ ਝੁਕ ਰਿਹਾ ਹੈ। ਔਰ ਪੱਟ ਦੇ ਕੁੜਤੇ, ਮਖਮਲੀ ਸੁਚੇ ਕੰਮ ਵਾਲੇ ਚੋਗੇ, ਗਲ ਦੀ ਕੀਮਤੀ ਜੜਾਊ ਜੁਗਨੀ, ਸਿਰ ਦੇ ਲੜ ਖਿੱਲਰਵੇਂ ਸਾਫੇ ਜਿਗਾ ਕਲਗੀ ਆਦਕਾਂ ਦਾ ਤੇ ਸ਼ਿੰਗਾਰ ਰਸ ਦਾ ਤੇ ਰਾਜ ਭਾਗ ਬਗੈਰਹ ਦਾ ਮਾਣ ਦੂਰ ਹੋਕੇ ਮਨ ਜਗਤ ਗੁਰ ਸੁਆਮੀ ਜੀ ਦੇ ਚਰਨਾ ਨਾਲ ਜੁੜਗਿਆ ਹੈ। ਜਿਸਦੇ ਚੇਹਰੇ ਤੋਂ ਸਰਧਾ ਭਾਵ ਪ੍ਰਗਟ ਹੋ ਰਿਹਾ ਹੈ। ਇਸਦੇ ਪਿਛੇ ਖੜੇ ਰਾਮ ਕਿਸ਼ਨ ਬ੍ਰਾਹਮਣ ਬੇਦ ਪਾਠੀ ਦੇ ਤੇੜ ਸਾਢੇ ਤਿੰਨ ਗਜੀ ਪੀਲੇ ਰੰਗ ਦੀ ਧੋਤੀ, ਗਲ ਬਾਹਾਂ ਵਾਲੀ ਝੱਗੀ ਦੇ ਉਪਰ ਮੈਲਾਗਰ ਚੰਦਨ ਦੀ ਮਾਲਾ ਅੰਦਰ ਸੂਤ ਦਾ ਤਿੰਨ ਅਗਰਾ* ਜਨੇਊ, ਮਥੇ ਤੇ ਕੇਸਰ ਤੇ ਗੋ ਲੋਚਨ ਬਗੈਰਹ ਘਸਾਕੇ ਟਿੱਕਾ ਲਾਇਆ ਹੋਇਆ, ਦਾਹੜੀ ਕੇਸ ਮੁੰਨਾਏ ਹੋਏ ਤੇ ਸਿਰ ਉਪਰ ਕੰਨ ਢਕਵੀਂ ਬ੍ਰਹਮ ਚਾਰੀ ਟੋਪੀ ਆਦਿਕਾਂ ਪਹਿਰਾਵੇ ਦੇ ਹੰਕਾਰ ਨੂੰ ਛਡਕੇ ਸਾਹਬ ਜੀ ਦੇ ਚਰਨੀ ਆ ਲਗਾ। ਇਸਦੇ ਮਗਰ ਵਾਲਾ ਧਨਪਤ ਖੱਤਰੀ ਭੀ ਰਾਮ ਨਾਮ ਦੀ ਸੁਦਾਗਰੀ ਲਈ ਹਥ ਜੋੜਕੇ ਬਾਬੇ ਜੀ ਦੇ ਪੈਰੀਂ ਆ ਪਆ। ਧਨਪਤ ਤੋਂ ਕੁਝਕ ਪਿਛੇ ਤੇ ਸੱਜੇ ਹਥ ਨੂੰ ਖੜੋਰਿਹਾ ਭੂਮਾ ਜੱਟ (ਜਮੀਨਦਾਰ) ਭੀ ਧਨ ਭੂੰਮ ਦੇ

*ਅਗਰ ਤਿੰਨਾਂ ਤੰਦਾਂ ਦਾ ਹੁੰਦਾ ਹੈ।



ਲੋਭ ਤੇ ਗੁਮਾਨ ਨੂੰ ਠੁਕਰਾਕੇ ਬਾਬੇ ਜੀ ਦੇ ਚਰਨੀ ਪੈਗਿਆ। ਸਭ ਤੋਂ ਮਗਰ ਦੇ ਜੈਮਲ ਨਾਈ ਸੱਜਰੀ ਹਜਾਮਤ ਵਾਲੇ ਦੇ ਸੱਜੇ ਮੋਢੇ ਉਪਰ ਭਾਂਡੇ ਤੇ ਹਥ ਸਾਫ ਕਰਨ ਵਾਲਾ ਖੱਦਰ ਦਾ ਤਿੰਨ ਕੁ ਹਥ ਪਰਨਾ ਧਰਿਆ ਹੋਇਆ ਤੇ ਬਾਟਾ ਗਾਹੀ ਕਰਨ ਤੇ ਪੈਰ ਪਿੰਜਣੀਆਂ ਭਾਰਿਆਂ ਵਾਲੇ ਨੂੰ ਭੀ ਨਾਮ ਦਾ ਸੌਦਾ ਚੰਗਾ ਲੱਗਾ, ਇਸ ਲਈ ਉਹ ਭੀ ਸਾਹਿਬ ਜੀ ਦੇ ਪੈਰੀਂ ਪੈਕੇ ਸਚਾ ਨਿਰਲੋਭ ਸੇਵਕ ਹੋਗਿਆ। ਇਨਾਂ ਦੇ ਰਾਹ ਪੈਕੇ ਹੋਰ ਭੀ ਅਨੇਕਾਂ ਪ੍ਰੇਮ ਭਗਤਿ ਕਰਕੇ ਅਗਮਪੁਰੇ ਵਿਚ ਜਾ ਪਹੁੰਚੇ। ਮੈਂ ਬਲਹਾਰ ਜਾਵਾਂ ਇਨਾਂ ਧਰਮੀ ਬੰਦਿਆਂ ਦੇ ਚਰਨਾਂ ਤੋਂ ਜਿਨਾਂ ਨੇ ਸਚ ਨੂੰ ਧਾਰਣ ਕੀਤਾ।

## ਸਿੰਘਾਸਨ ਉਪਰ ਸ੍ਰੀ ਰਵਿਦਾਸ ਜੀ ਸਾਹਿਬ

ਮਾਨੁਖਾ ਅਵਿਤਾਰ ਦੁਲਭ ਬੈਠੇ ਹਨ, ਜਿਨਾਂ ਦੀ ਗੋਦ ਵਿਚ ਸਰਵ ਵਿਆਪੀ ਅਕਾਲ ਪੁਰਖ ਜਗਤ ਗੁਰ ਸੁਆਮੀ ਜੀ ਦਰਸ਼ਨ ਦੇ ਰਹੇ ਹਨ। 'ਰੂਪ ਸਤਿ ਜਾਕਾ ਸਤਿ ਅਸਥਾਨ' ਸੁਖਮਨੀ। ਗੁਰ ਕੀ ਮੂਰਤਿ ਮਨ ਮਹਿ ਧਿਆਨ। ਗੁਰ ਮੂਰਤਿ ਸਿਉ ਲਾਇ ਧਿਆਨ। ਸੁਖਮਨੀ। ਸਜੇ ਹਥ ਦੇ ਸਿੱਖਾਂ ਦਾ ਹਾਲ ਸੁਣੋ। ਤਖਤ ਦੇ ਪਿਛੇ ਖੜਾ ਚੌਰ ਕਰਣ ਵਾਲਾ ਸੇਵਾ ਦਾਸ ਹੈ ਜਿਸ ਨੇ ਗੁਰ ਭਾਈਆਂ ਤੇ ਗੁਰ ਭੈਣਾਂ ਦਾ ਜਥਾ ਬਣਾਕੇ ਦੇਸ਼ਾਟਨ ਕਰਕੇ ਪ੍ਰੇਮ ਭਗਤ ਮਾਰਗ ਦਾ ਬਹੁਤ ਸਾਰਾ ਪ੍ਰਚਾਰ ਕੀਤਾ। ਇਨਾਂ ਦੇ ਪਿੱਛੇ ਗੁਰਮੁਖਿ ਸਿਖ ਹੈ ਜਿਸ ਨੇ ਸ੍ਰੀ ਸਤਿ ਗੁਰ ਰਵਿਦਾਸ ਸਾਹਿਬ ਜੀ ਦੀ 'ਸਤਿਅਮ੍ਰਿਤਬਾਣੀ' ਤੇ 'ਬਾਣੀ ਭਗਤਾਂ ਕੀ' ਆਦਿਕਪੋਥੀਆਂ

ਗਿਣਤੀਆਂ ਹਨ ਅਤੇ ਲਗ ਪਗ ੧੦੦ ਸਫੇ ਵਿਚ ਇਸ 'ਸਤਿ ਅਮ੍ਰਿਤ' ਬਾਣੀ ਦਾ ਮੁਕੰਮਲ' ਮਹਾਨ ਕੋਸ਼' ਸ਼ਾਮਲ ਕੀਤਾ ਹੈਗਲ ਕੀ!ਇਸ ਪੁਸਤਕ ਦੀ ਤਿਆਰੀ ਉਤੇ ਕਰਤਾ ਜੀ ਨੇ ਨਾ ਕੇਵਲ ਬਹੁਤ ਹੀ ਯੰਗਤਾ ਭਰੀ ਕਰੜੀ ਮੇਹਨਤ ਹੀ ਕੀਤੀ ਹੈ, ਸਗੋਂ ਸੈਂਕੜੇ ਰੁਪਏ (ਇਸਦੇ ਕਾਗਜਾਂ ਤੇ ਛਪਾਈ ਤੋਂ ਵਖਰੇ ਦੂਰ ਨੇੜੇ ਜਾ ਜਾ ਕੇ ਖੋਜ ਕਰਨ ਉਪਰ) ਖਰਚ ਕੀਤੇ ਹਨ। ਸਫੇ ੪੯੬ ਹਨ, ਕਾਗਜ਼ ਡਮਈ ਤੇ ਛਪਾਈ ਚੰਗੀ ਹੈ, ਤਮਾਮ ਗੁਰ ਸਿਖਾਂ, (ਸ੍ਰੀ) ਰਵਿਦਾਸੀਏ ਤੇ ਸਤਿ ਦਰਬਾਰੀਆਂ ਵੀਰਾਂ ਨੂੰ ਆਪਦੀ ਮੇਹਨਤ ਦੀ ਦਿਲ ਖੋਲਕੇ ਕਦਰ ਕਰਨੀ ਚਾਹੀਦੀ ਹੈ। (ਇਤਆਦਕ ਅਮੁਲ ਰੁਣ ਹੁੰਦਿਆਂ ਭੇਟਾ ਕੇਵਲ ੧।) ਤੇ ਸੁਨੈਹਰੀ ਛਪਾਈ ਹਈ ਕਪੜੇਦੀ ਜਿਲਦਵਾਲੇ ਦਾ ੧॥) ਹੈ। ਉਪਰ ਲਿਖੇ ਰੀਵੀਊ ਵਿਸਥਾਰ ਪੂਰਵਕ ਵੇਖਣੇ ਹੋਣ ਤਾਂ 'ਭਗਤ ਬਾਣੀ ਦੀ ਖੋਜ' 'ਸ੍ਰੀ ਰਵਿਦਾਸ ਪ੍ਰਗਾਸੁ' ਅਖਬਾਰ ਮੌਜੀ ਅਮ੍ਰਿਤਸਰ ੨੮ ਨਵੰਬਰ ੧੯੩੨ ਈਃ ਤਾਰੀਖ ੧੨-੧੯ ਦਸੰਬਰ ੩੨ ਤੇ ੧੬ ਜਨਵਰੀ ੧੯੩੩ ਆਦਿਕ ਵਿਚ ਪੜ੍ਹੋ। ਮਿਲਨ ਦਾ ਪਤਾ-ਸੁੰਦਰਸਿੰਘ ਐਂਡ ਸਨਜ਼ ਕਾਰਖਾਨਾ ਹਾਰ ਮੋਨੀਅਮ ਵਾਜੇ ਅਮ੍ਰਿਤਸਰ ਬਾਜ਼ਾਰ ਮਾਈ ਸੇਵਾਂ ਤੇ ਕੁਤਬ ਫਰੋਸ਼ਾਂ ਜਾਂ ਗੁਰਦੁਆਰਾ ਸ੍ਰੀ ਰਵਿਦਾਸ ਪੁਰਾ। ਮੁਤਸਿਲ ਘੁੱਬਦੀ, ਡਾਕਘਰ ਡੇਹਲੋਂ (ਲੁਦਿਆਨਾ) ਮਃ ਸਤਿ ਦਰ-ਬਾਰੀ ਤੋਂ ਛੇਤੀ ਮੰਗਵਾਓ ਪੁਸਤਕ ਹਥੋਹਥ ਵਿਕ ਰਹੇ ਹਨ। ਨਹੀਂ ਤਾਂ ਦੂਸਰੀ ਐਡੀਸ਼ਨ ਦੀ ਉਡੀਕ ਕਰਨੀ ਪਵੇਗੀ।



## ਕਾਂਡ ੭

## ਸੁਆਮੀ ਜੀ ਸਾਹਿਬ ਦੇ ਉਦੇਪੁਰੀਆਂ ਤੇ ਤਸਵੀਰਾਂ ਦਰਬਾਰਆਦਿਕਾਂ ਦੀ ਜਾਣ ਪਛਾਣ—

ਰਾਣਾ ਕੁੰਭ ਸਿੰਘ ਜੀ ਨੇ ਬੇ ਸੁੰਦਰ ਸਥਾਨ ਵਿਚ ਚਾਂਦੀ ਦੀਆਂ ਚੋਬਾਂ ਵਾਲੀ ਚਾਂਦਨੀ ਲਵਾਕੇ ਹੀਰੇ, ਰਤਨਾ ਜਵਾਹਰ ਤੇ ਮਣੀਆਂ ਬਗੈਰਹ ਰਤਨ ਜੜਤ ਸਿੰਘਾਸਨ ਸਭਾ ਦੇ ਵਿਚਾਲੇ ਸਜਾਕੇ ਇਕ ਵਖਰੇ ਆਸਣ ਉਪਰ ਲਹਿੰਦੇ ਪਾਸੇ ਰਵਿਦਾਸ ਜੀ ਨੂੰ ਬਠਾਇਆ।

ਔਰ ਪੜਦੇ ਵਿਚ ਇਸਤ੍ਰੀਆਂ ਨੂੰ ਬਠਾਇਆ ਤੇ ਉਨਾਂ ਨੂੰ ਸਾਹਿਬ ਜੀ ਦਿਸਦੇ ਸਨ ਅਰ ਹੋਰਨਾਂ ਬੰਦਿਆਂ ਨੂੰ ਉਹ ਨਹੀ ਸਨ ਦਿਸਦੀਆਂ। ਜਦੋਂ ਆਪਦੇ ਸਤਿ-ਗੁਰੂ ਜੀ ਦੀ ਗੋਦ ਵਿਚ ਸੁਆਮੀ ਪ੍ਰਗਟ ਹੋਇਆ ਵੇਖਿਆ ਤਾਂ ਝਾਲਾਬਾਈ ਦੌੜਕੇ ਸਾਹਿਬ ਜੀ ਦੇ ਚਰਨੀ ਆ ਲੱਗੀ। ਇਨਾਂ ਦਾ ਦੌੜਕੇ ਆਉਣਾਂ ਲਹਿੰਗੇ ਤੋਂ ਭਾਸ ਰਿਹਾ ਹੈ ਕਿਉਂਕਿ ਚਰਨਾਂ ਦੇ ਅਗੇ ਥੋੜਾ ਹੈ ਔਰ ਹਵਾ ਨਾਲ ਪਿਛੇ ਨੂੰ ਬਹੁਤਾ ਹੋ ਰਿਹਾ ਹੈ, ਇਨਾਂ ਗੱਲਾਂ ਨੂੰ ਤਸਵੀਰਾਂ ਗਹੁ ਨਾਲ ਵੇਖਣ ਵਾਲੇ ਹੀ ਸਮਝ ਸਕਦੇ ਹਨ। ਬੀਬੀ ਜੀ ਦੀ ਸੱਜੀ ਜ਼ੁਲਫ ਹੋਰ ਵਿਖੇ ਅਧੀਨ ਹੋ ਰਹੀਆਂ ਔਰਤਾਂ ਦੀਆਂ ਜ਼ੁਲਫਾਂ ਨਾਲੋਂ ਨਿਰਾਲੀ ਭਾਂਤ ਦੀ ਹੈ, ਕਿਉਂਕਿ ਉਹ ਜ਼ੁਲਫਾਂ ਕਾਲੀਆਂ ਨਾਗਣੀਆਂ ਰੂਪੀ ਕਾਮੀਆਂ ਲੋਕਾਂ ਨੂੰ ਡੰਗ ਮਾਰਦੀਆਂ ਹਨ। ਇਹ ਬਿਖੇ ਬਿਸ ਨੂੰ ਉਤਾਰਕੇ ਬੰਦਿਆਂ ਨੂੰ ਸੁਖੀ ਕਰ ਰਹੀ ਹੈ। ਬੀਬੀ ਜੀ ਦੇ ਸਰੂਪ ਤੋਂ

ਨੂੰ ਜਰੂਰ ਨਿਸਚਾ ਕਰਾ ਦਿਤਾ ਹੈ । ਸੋ ਕਰਤਾ ਜੀ ਨੇ **ਲਿਖਾਰੀਆਂ** ਅਤੇ **ਲੈਕਚਰਾਰਾਂ** ਦੀ ਇਹ ਭੁਲ ਚੰਗੀ ਤਰਾਂ ਗੁਰ ਬਾਣੀ, ਇਤਹਾਸ ਅਤੇ ਦਲੀਲਾਂ ਦੁਆਰਾ ਦੂਰ ਕਰ ਦਿਤੀ ਹੈ। ਇਸ ਲਈ **ਸਾਨੂ ਇਨਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ** ਇਸਤਰਾਂ ਦੇ ਖੋਜੀ ਵਿਦਜਾਵਾਨ ਪੰਥ ਵਿਚ ਹੋਣੇ ਚਾਹੀਦੇ ਹਨ।

ਆਪ ਨੇ ਵੱਡੀ ਮੇਹਨਤ ਨਾਲ ਅਤੇ ਖੋਜ ਨਾਲ ਮਹਾ-ਤਮਾ (ਸ੍ਰੀ) ਰਵਿਦਾਸ ਜੀ ਸਾਹਿਬ) ਦਾ ਜੀਵਨ ਲਿਖਿਆ ਅਤੇ ਬਾਣੀ ਸੰਬੰਧੀ ਨਿਰਣਾ ਕੀਤਾ ਹੈ ਮੈਨੂੰ ਨਿਸਚਾ ਹੈ ਕਿ ਆਪ ਦੇ ਯਤਨ ਨਾਲ ਸਾਰੇ ਸਿੱਖ ਸਮਾਜ ਨੂੰ ਅਪਾਰ ਲਾਭ ਪਹੁੰਚੇਗਾ ਅਤੇ ਅਨੇਕਾਂ ਜੀਵ ਸੁਮਾਰਗ ਪੈਣਗੇ। ਬਾਬਾ ਜੀ ਨੇ ਇਹ ਪੁਸਤਕ ਰਚਕੇ ਜਿੱਥੇ **ਲੈਕਚਰਾਰਾਂ ਵਿਦਜਾਵਾਨਾਂ** ਗਿਆਨੀਆਂ ਤੇ ਕਥਾ ਵਾਚਕਾਂ ਉਤੇ ਅਹਿਸਾਨ ਕੀਤਾ ਹੈ ਉਥੇ ਇਸਤ੍ਰੀ ਜਾਤੀ ਉਤੇ ਇਕ ਮਹਾਨ ਉਪਕਾਰ ਕੀਤਾ ਹੈ, ਜਿਥੇ ਇਸਤ੍ਰੀ ਜਾਤੀ ਨੂੰ ਪੈਰ ਦੀ ਜੁੱਤੀ ਸਮਝਕੇ ਕੇਵਲ ਘਰ ਦੇ ਕੰਮ ਕਾਰ ਕਰਨ ਵਾਲੀ ਨੌਕਰਾਣੀ ਦਾ ਦਰਜਾ ਦਿਤਾ ਜਾਂਦਾ ਸੀ ਉਥੇ ਬਾਬਾ ਜੀ ਨੇ ਝਾਲਾ ਬਾਈ ਤੇ ਮੀਰਾਂ ਬਾਈ ਆਦਿ ਰਾਣੀਆਂ, ਮਹਾ ਰਾਣੀਆਂ ਦੀਆਂ ਜਿੰਦਗੀਆਂ ਦੇ ਹਵਾਲੇ ਦੇਕੇ ਇਹ ਸਾਬਤ ਕਰ ਦਿਤਾ ਹੈ ਕਿ ਇਹ ਖਿਆਲ ਕੇਵਲ ਖੁਦਗਰਜ਼ਾਂ ਦਾ ਪੈਦਾ ਕੀਤਾ ਹੋਇਆ ਸੀ ਨਹੀਂ ਤਾਂ ਇਸਤ੍ਰੀ ਜਾਤੀ ਦੇ ਹਕੂਕ ਮਰਦਾਂ ਨਾਲੋਂ



ਕਿਸੇ ਗੱਲੋਂ ਭੀ ਘਟ ਨਹੀ । ਸਗੋਂ ਕਈਆਂ ਗੱਲਾਂ ਵਿਚ ਮਰਦਾਂ ਨਾਲੋਂ ਉਚੇ ਹਨ । ਮੈਂ ਬਾਬਾ ਜੀ (ਪਰਃ ਮਃ ਸਤਿ ਦਰਬ ਰੀ) ਨੂੰ ਇਸ ਅਦੁਤੀ **ਪੁਸਤਕ ਲਿਖਣ ਤੇ ਵਧਾਈ ਦਿੰਦੀ ਹਾਂ।**

'ਸ੍ਰੀ ਰਵਿਦਾਸ ਪ੍ਰਗਾਸੁ' ਦੇ ਰੀਵੀਊ ਵਿਚ ਸਰਦਾਰ ਐਸ ਐਸ. ਚਰਨ ਸਿੰਘ ਸਾਹਿਬ ਚੀਫ ਐਡੀਟਰ ਮੌਜੀ ਲਿਖਦੇ ਹਨ ਕਿ 'ਇਹ ਪੁਸਤਕ ਸ੍ਰੀ ਮਾਨ ਮਃ 'ਸਤਿ ਦਰਬਾ-ਰੀ' ਨੇ ਰਚਕੇ ਛਪਵਾਈ ਹੈ। ਇਸ ਵਿਚ ਸ੍ਰੀ ਪਰਮ ਪੂਜਨ ਗੁਰ ਰਵਿਦਾਸ ਜੀ ਦਾ ਸੰਪੂਰਨ ਚਰਿਤ੍ਰ ਬੜੀ ਖੋਜ ਮੇਹਨਤ ਤੇ ਯੋਗਤਾ ਨਾਲ ਤਿਆਰ ਕਰਕੇ ਛਾਪਿਆ ਹੈ। ਓਹਨਾਂ ਦੇ ਬਜ਼ੁਰਗਾਂ ਦੇ ਹਾਲਾਤ ਅਰ ਚੰਵਰਜਾਤੀ(ਚੰਮ-ਮਤੀ ਇਨਸਾਨ ਜਾਤੀ) ਦਾ ਭੀ ਵਰਨਨ ਆਦਿ ਕਾਲ ਤੋਂ ਦਿਤਾ ਗਿਆ ਹੈ। ਸ੍ਰੀ ਭਗਤ ਰਵਿਦਾਸ ਜੀ (ਸਾਹਿਬ) ਦੀ ਸਾਰੀ ਪਵਿੱਤਰ ਬਾਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲੈਕੇ ਪੁਸਤਕ ਦੇ ਆਰੰਭ ਵਿਚ ਮੋਟੇ ਅਖਰਾਂ ਵਿਚ ਤੇ ਚਾਰੇ ਪਾਸੇ ਵੇਲ ਛਾਪੀ ਗਈ ਹੈ* ਤੇ ਇਸ ਬਾਨੀ ਸੰਬੰਧੀ ਬੜੀ ਹੀ ਮੇਹਨਤ ਨਾਲ ੧੮ ਚਿੱਤਰ ਬਣਾਕੇ ਦੁਪਦੇ, ਤਿੱਪਦੇ, ਚਉਪਦੇ, ਪੰਚਪਦੇ, ਅਸ਼ਟਪਦੀ, ਆਰਤੀ ਤੇ ਸਲੋਕ, ਰਾਗਾਂ, ਸਿਰ ਲੇਖਾਂ, (ਮੰਗਲਾ ਚਰਣਾ) ਅਖਰਾਂ ਤੇ ਲਗਾਂ ਮਾਤਰਾਂ ਤੱਕ ਦੀਆਂ

---

*ਦਾਸ ਨੇ ਤਾਂ ਸ੍ਰੀ ਰਵਿਦਾਸ ਜੀ ਸਾਹਿਬ ਦੇ ਵੇਲੇ ਦੀ ਗੁਰਮੁਖਿ ਦੀ ਲਿਖੀ ਹੋਈ ਬਾਣੀ ਦਾ ਉਤਾਰਾ ਕੀਤਾ

ਬੇਦ ਆਦਿਕ।

੪–ਸ੍ਰੀ ਮਾਨ ਗਿਆਨੀ ਬਿਸ਼ਨ ਸਿੰਘ ਜੀ ਟੀਕਾ-ਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਮੋਖ ੫੦)

੫–ਸ੍ਰੀ ਮਾਨ ਸੰਪੂਰਨ ਸਿੰਘ ਜੀ ਉਪਦੇਸ਼ਕ ਚੀਫ ਖਾਲਸਾ ਦੀਵਾਨ ਅਮ੍ਰਿਤਸਰ।

੬–ਸ੍ਰੀ ਮਾਨ ਮੋਹਰ ਸਿੰਘ ਜੀ ਐਡੀਟਰ 'ਖਾਲਸਾ ਤੇ ਖਾਲਸਾ ਐਡਵੋਕੇਟ' ਅਮ੍ਰਿਤਸਰ।

੭–ਸ੍ਰੀ ਮਾਨ ਸਰਦਾਰ ਐਸ. ਐਸ. ਚਰਨ ਸਿੰਘ ਜੀ ਚੀਫ ਐਡੀਟਰ ਮੌਜੀ ਅਮ੍ਰਿਤਸਰ। ਮੁਖੀਏ ਕਰਤਾ ਵਿਦਜਾ ਜੱਗ ਕਰਤਾਰਪੁਰ।

੮–ਸ੍ਰੀ ਮਾਨ ਗਿਆਨੀ ਹੀਰਾ ਸਿੰਘ ਜੀ 'ਦਰਦ' ਐਡੀਟਰ ਫੁਲਵਾੜੀ ਲਾਹੌਰ।

੯–ਸ੍ਰੀ ਮਤੀ ਲੇਡੀ ਡਾਕਟਰ ਕਿਰਪਾਲ ਕੌਰ ਜੀ ਇਸਤ੍ਰੀ ਜਾਤੀਦੀ ਸੁਭਚਿੰਤਕ ਕਟੜਾ ਸ਼ੇਰਸਿੰਘ ਅਮ੍ਰਿਤਸਰ

੧੦–ਸ੍ਰੀ ਮਾਨ ਪੰਥ ਦੇ ਸ਼ਿਰੋਮਣੀ ਵਿਦਜਾਵਾਨ ਸਰਦਾਰ ਬਹਾਦਰ ਭਾਈ ਕਾਹਨ ਸਿੰਘ ਸਾਹਿਬ ਨਾਭਾ। ਕਰਤੇ ਗੁਰਮਤ ਪ੍ਰਭਾਕਰ, ਗੁਰਮਤ ਸੁਧਾਕਰ, ਗੁਰ ਸਬਦ ਰਤਨਾਕਰ ਮਹਾਨ ਕੋਸ਼ ਕੀਮਤ ੧੦੦) ਵਾਲੇ ਆਦਿਕ।

੧੧–ਸ੍ਰੀ ਮਾਨ ਪ੍ਰਿੰਸੀਪਲ ਸ੍ਰੀ ਗੁਰੂ ਰਾਮਦਾਸ ਕਾਲਜ 'ਅਮੋਲ' ਉਪਰ ਲਿਖੇ ਸ਼ਿਰੋਮਣੀ ਵਿਦਜਾਵਾਨਾਂ ਦੇ ਲਿਖੇ ਹੋਏ ਰੀਵੀਊਆਂ ਵਿਚੋਂ ਇਥੇ ਅਸੀ ਸੰਖੇਪ ਭਾਵ ਲਿਖਦੇ ਹੈਂ। ਜਿਵੇਂ–ਇਸ ਵਿਚ ਕੋਈ ਸ਼ੱਕ ਨਹੀ ਕਿ ਬਾਬਾ ਜੀ ਸਾਹਿਬ (ਪਰ: ਮ: ਸਤਿ ਦਰਬਾਰੀ) ਨੇ ਇਹ ਉਦਮ ਬੜੇ



ਲੋੜੀਂਦੇ ਪਾਸੇ ਕੀਤਾ ਹੈ। ਚਿਰਾਂ ਦੇ ਲੋਕਾਂ ਅੰਦਰ ਬੈਠੇ ਹੋਏ ਇਕ ਗਲਤ ਖ਼ਿਆਲ ਨੂੰ ਕੱਢਣ ਲਈ ਬੀੜਾ ਚੁਕਿਆ ਹੈ। ਹੋ ਸਕਦਾ ਸੀ ਕਿ ਜੇ ਇਹ ਲੇਖਣੀ ਅਜੇ ਕੁਝ ਚਿਰ ਹੋਰ ਨਾ ਪਬਲਿਕ ਸਾਹਮਣੇ ਔਂਦੀ ਤਾਂ ਲੋਕਾਂ ਦੀ ਸ਼ਰਧਾ ਭਗਤਾਂ ਦੀ ਬਾਣੀ ਤੋਂ ਉਠ ਜਾਂਦੀ, ਤੇ ਜਾਂ ਸਾਰੀ ਭਗਤ ਬਾਣੀ ਉਪਰ ਮਹਲਾ ੫ ਲਿਖਣ ਵਿਚ ਆ ਜਾਂਦਾ। (ਵੇਖੋ ਖਾਲਸਾ ਕੁਆਰੀ ਕਾਲਜ ਪੰਚਖੰਡ ਨੇ ਗੁਰਮੁਖੀ ਕੋਰਸ ਵਿਚ ਭਗਤ ਬਾਣੀ ਅਥਵਾ ਕਈ ਹੋਰ ਸਿਰ ਲੇਖਾਂ ਵਿਚ ਕਈ ...ਗੁਆਂ ਦਾ ਵਾਧਾਘਾਟਾ ਕਰ ਦਿੱਤਾ ਇਸੇਤਰਾਂ ਕਈ ਉਦਾਸੀਆਂ ਸਾਧਾਂ, ਨਿਰਮਲਿਆਂ ਤੇ ਨਾਮ ਧਾਰੀ (ਕੂਕਿਆਂ) ਨੇ ਭੀ ਭਗਤ ਜੁਗਤ ਵਿਚ ਵਾਧਾ ਘਾਟਾ ਕਰਨ ਖਾਤਰ ਆਪੋ ਆਪ ਦਾ ਟਿੱਲ ਲਾਉਣ ਵਿਚ ਕੋਈ ਕਸਰ ਨਹੀਂ ਛੱਡੀ।

(ਉਪਰ ਲਿਖੇ) ਪੁਸਤਕਾਂ ਵਿਚ ਗੁਰਬਾਣੀ, ਦਾਰ ਇਤ-ਹਾਸ ਅਤੇ ਭਗਤਾਂ ਦੇ ਜੀਵਨਾਂ ਵਿਚੋਂ ਕਈ ਮਸਾਲਾਂ ਦਲੀਲਾਂ ਅਤੇ ਪਰਮਾਣ ਦੇਕੇ ਇਹ ਸਿਧ ਕੀਤਾ ਹੈ ਕਿ ਭਗਤ ਹੋਏ। ਸਤਿਜੁਗ, ਤਰੇਤਾ, ਦੁਆਪਰ ਅਤੇ ਕਲਜੁਗ ਵਿਚ ਭਗਤਾਂ ਦਾ ਹੋਣਾਂ ਗੁਰਬਾਣੀ ਦੇ ਪਰਮਾਣਾ ਦੁਆਰਾ ਦਸਿਆ ਹੈ ਅਤੇ ਇਹ ਸ਼ੰਕਾ ਕਿ 'ਭਗਤਾਂ ਦੀ ਬਾਣੀ ਗੁਰੂ ਅਰਜਨ ਸਾਹਿਬਨੇ ਆਪਰਚੀ' ਦੂਰਕਰਕੇ ਇਹ ਸਿਧ ਕਰਦਿਤਾ ਹੈਕਿ ਜੋ ਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤਾਂ ਦੇ ਨਾਮ ਹੇਠ ਹੈ, ਉਹ ਭਗਤਾਂ ਦੀ ਆਪਣੀ ਰਚੀ ਹੋਈ ਹੈ। ਹੋਰਨਾਂ ਪੁਸਤਕਾਂ ਵਿਚੋਂ ਹਵਾਲੇ ਦੇਕੇ ਉਨਾਂ ਭਗਤਾਂ ਦੀ ਹੋਂਦ ਤੇ ਉਨਾਂ ਦੀ ਬਾਣੀ ਉਨਾਂ ਦੀ ਰਚੀ ਹੋਣ

## ਕਾਂਡ ੬

ਅਦੁਤੀ ਪੁਸਤਕਾਂ

## "ਭਗਤਬਾਣੀਦੀ ਖੋਜ" ਤੇ 'ਸ੍ਰੀ ਰਵਿਦਾਸਪ੍ਰਗਾਸੁ'

ਜਿਸ ਵਿਚ ਸ੍ਰੀ ਰਵਿਦਾਸ ਸੁਆਮੀ ਜੀ ਦਾ ਪਵਿਤ੍ਰ ਜੀਵਨ ਚੰਦ੍ਰ ਵੰਸ ਦਾ ਰਾਜ ਇਨਾਂ ਦੇ ਸੰਬੰਧੀਆਂ ਤੇ ਸਿਖ ਸਿਖਣੀਆਂ ਤੇ ਜੀਵਨ ਦਾਸ ਗੁਰਮੁਖਿ ਸਿਖ, ਰੈਦਾਸ, ਝਾਲੀ, ਝਾਲਾ ਬਾਈ ਤੇ ਮੀਰਾਂ ਬਾਈ ਆਦਿਕਾਂ ਦੀਆਂ ਕਥਾਂ ਹਨ।

ਔਰ ਜੋ ਸਭ ਤੋਂ ਪਹਿਲੇ ਕਰਤਾਰ ਸੁਆਮੀ ਜੀ ਨੇ ਨਾਰਦ ਜੀ ਨੂੰ 'ਅਪਨੀ ਭਗਤ ਆਪ ਹੀ ਦ੍ਰਿੜਾਈ' ਤੇ ਇਸੇ ਰਸਤੇ ਉਸਨੂੰ ਸ੍ਰੀ ਗੁਰੂ ਸਾਹਿਬ ਜੀ ਦਾ ਦਰਜਾ ਦੇਕੇ ਸੰਸਾਰ ਦੇ ਸਭ ਭੁਲਣ ਦੁਖੀ ਜੀਵਾਂ ਨੂੰ ਪਰੇਮ ਭਗਤਿ ਦੇ ਰਸਤੇ ਪਾਕੇ ਅਗਮ ਪੁਰੇ ਵਿਚ ਪਹੁੰਚਾਉਣ ਲਈ ਹੁਕਮ ਦਿਤਾ ਸੀ ਨੂੰ ਮਿਟਾਉਣ ਵਾਸਤੇ ਹੰਕਾਰੀ ਦੈਂਤ ਭਗਤਾਂ ਨੂੰ ਦੁਖ ਦੇਣ ਲੱਗ ਪਏ ਸੀ ਤਾਂ ਦੁਖੀਆਂ ਦੀ ਪੁਕਾਰ ਸੁਣਕੇ ਉਨਾਂ ਦੇ ਦੁਖ ਦੂਰ ਕਰਣ ਵਾਸਤੇ ਜੋ 'ਮਾਨੁਖਾ ਅਵਿਤਾਰ ਦੁਲਭ' ਨੇ ਪਵਿਤ੍ਰ ਰਸਨਾਂ ਤੇ ਸਤਿ ਅੰਮ੍ਰਿਤ ਬਚਨ ਉਚਾਰੇ ਉਹ ਬਹੁਤ ਸਾਰੀ ਮਿਹਨਤ ਨਾਲ ਸੰਪੂਰਣ ਸੁਧ ਮੋਟੇ ਅੱਖਰਾਂ ਵਿਚ 'ਸ੍ਰੀ ਰਵਿਦਾਸ ਪਰਗਾਸੁ' ਦੇ ਆਦਿ ਛਾਪ ਦਿਤੇ ਹਨ ਤੇ ੮ ਚਿੱਤਰਾਂ ਵਿਚ ਦੁਪਦੇ, ਤ੍ਰਿਪਦੇ, ਅਖਰਾਂ ਤੇ ਮਾਤਰਾਦਿਕਾਂ ਦੀ ਪੂਰੀ ਗਿਣਤੀ ਭਾਵ ਸਤਅੰਮ੍ਰਿਤਬਾਣੀਨੂੰ ਸੁਧਤੇ ਅਸੁਧ ਵੇਖ ਲੈਣ ਦਾ ਸੁਖੈਨ ਕਾਇਦਾ ਅਤੇ ੧੦੦ ਸਫੇ ਦੇ ਲਗ ਪਗ ਇਸ ਦਾ ਸਪੂਰਣ ਮਹਾਨ ਕੋਸ਼ ਭੀ ਛਾਪ ਦਿਤਾ ਹੈ।



ਸਤਪੁਰਖ ਸੁਆਮੀ ਜੀ ਨੇ ਉਦੇ ਪੁਰ ਵਿਚ ਇਕ ਤੋਂ ਅਨੇਕ ਫਿਰ ਅਨੇਕ ਤੇ ਇਕ ਹੋਕੇ ਜਿਵੇਂ ਸਤਿਉਪਦੇਸ਼ ਦੇ ਹਰ ਪਰੇਮ ਭਗਤਿ ਦੇ ਰਾਹ ਪਾਕੇ ਭਰਮੀ ਕੈਦਿਆਂ ਪਤਿਤਾਂ ਨੂੰ ਪਾਵਨ ਤੇ ਪੁਨੀਤ ਕੀਤਾ। ਉਹ ਸਾਖੀਆਂ ਭੀ ਸਪਸ਼ਟ ਕਰਕੇ ਛਾਪ ਦਿਤੀਆਂ ਹਨ।

ਪਿਆਰੇ ਸਜਨੋਂ! ਇਸ ਪੁਸਤਕ ਵਿਚ ਪ੍ਰੇਮ ਭਗਤ ਦੇ ਰਸਤੇ ਦਾ ਪੂਰਾ ੨ ਬਿਆਨ ਹੈ। ਪ੍ਰੇਮ ਭਗਤਿ ਨਾਲ ਕੇਵਲ ਅਜਾਦੀ ਹੀ ਨਹੀਂ ਮਿਲਦੀ, ਇਹ ਉਹ ਪਦਾਰਥ ਹੈ 'ਜਿਹ ਪਾਏ ਸਭ ਸਿਧਿ ਹੋਇ' ਲੇਖ ਵਾਲੇ ਸ੍ਰੀ ਰਵਿਦਾਸ ਪ੍ਰਗਾਸੁ ਦੀ 'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ' ਲਈ ਤੇ ਭਗਤ ਬਾਣੀ ਦੀ ਖੋਜ ਵਾਸਤੇ ਮੰਨੇ ਪਰਮੰਨੇ ਸਰੋਮਣੀ ਵਿਦਵਾਨ ਦੇਸ ਪਰਸਿੱਧ ਤੇ ਮੁਖੀਆਂ ਦੇ ਰੀਵੀਊ ਬਹੁਤ ਸਾਰੇ ਹਨ ਜਿਨਾਂ ਵਿਚੋਂ ਵੰਨਗੀ ਲਈ ਕੁਝਕ ਨਾਮ ਲਿਖਦੇ ਹੈਂ–

੧–ਸ੍ਰੀ ਮਾਨ ਪ੍ਰੋਫੈਸਰ ਤੇਜਾ ਸਿੰਘ ਜੀ ਐਮ. ਏ. ਖਾਲਸਾ ਕਾਲਜ ਅਮ੍ਰਿਤਸਰ ਕਰਤਾ ਜਪੁਜੀਸਟੀਕ, ਸ਼ਬਦਾਰਥ ਲਗਾਂ ਮਾਤ੍ਰਾਂ ਅਤੇ ਆਸ਼ੀਰਵਾਦ ਆਦਿਕ ਇੰਗਲਿਸ਼ ਵਿਚ ਅਨੇਕਾਂ ਪੁਸਤਕ ਹਨ।

੨–ਸ੍ਰੀ ਮਾਨ ਲਾਲਾ ਧਨੀ ਰਾਮ ਜੀ 'ਚਾਤ੍ਰਿਕ' ਕਰਤਾ 'ਚੰਦਨ ਵਾੜੀ' ਆਦਿਕ।

੩–ਸ੍ਰੀ ਮਾਨ ਪ੍ਰੋਫੈਸਰ ਜੋਧ ਸਿੰਘ ਜੀ ਐਮ. ਏ. ਖਾਲਸਾਕਾਲਜ ਅਮ੍ਰਿਤਸਰ ਕਰਤਾ ਭਗਤਬਾਣੀ ਦਾ ਟੀਕਾ, ਗੁਰਮਤ ਨਿਰਣਯ, ਸਿੱਖੀ ਕੀ ਹੈ? ਅਤੇ ਗੁਰੂ ਸਾਹਿਬ ਤੇ

## ਕਾਂਡ ੫

ਇਸ ਖੁਸ਼ੀ ਵਿਚ ਝਾਲਾ ਬਾਈ ਜੀ ਤੇ ਰਾਣਾ ਕੁੰਭ ਸਿੰਘ ਜੀ ਨੇ ਜਗ ਭੰਡਾਰਾ ਕੀਤਾ । ਭੋਜਨ ਜੀਵਨ ਆਏ ਹੰਕਾਰੀ ਬ੍ਰਾਹਮਨ, ਅਤਿਥਿ, ਅਭਿਆਗਤੋਂ ਤੇ ਗਰੀਬਾਂ ਕੰਗਲਿਆਂ ਦੀ ਭਰੀ ਪੰਗਤ ਵੇਖਕੇ ਬੜੇ ਕਰੋਧ ਨਾਲ ਬੋਲੇ ਕਿ ਇਹ ਚੁਮਾਰ ਦੀ ਪੰਗਤ ਵਿਚ ਬੈਠਕੇ ਹਮ ਨਹੀਂ ਭੋਜਨ ਖਾਂਦੇ, ਹਮ ਕੋ ਕੋਰਾ (ਸੁਕਾ) ਸੀਧਾ ਮਿਲੇ। ਤਾਂ ਸ੍ਰੀ ਰਵਿਦਾਸ ਜੀ ਸਾਹਿਬ ਨੇ ਉਨਾਂ ਨੂੰ ਸੁਕਾ ਸੀਧਾ ਦਵਾ ਦਿਤਾ । ਉਨ੍ਹਾਂ ਨੇ ਚੌਂਕੇ ਦੇ,ਲੱਕੜਾਂ ਪਾ ਤੇ ਕੁੰਡੇ ਬਟੀ ਨਾਲ ਅੱਗ ਪੈਦਾ ਕਰਕੇ ਬੜੀ ਸੁਚ ਸੋਧ ਨਾਲ ਪੱਕਾ ਭੋਜਨ ਤਿਆਰ ਕੀਤਾ। ਜਦੋਂ ਕਾਗਾਂ ਕੱਢਕੇਭੋਜਨ ਖਾਣ ਲਗਿ ਪਏ ਤਾਂ ਸ੍ਰੀ ਸਤਿਗੁਰ ਰਵਿਦਾਸ ਜੀ ਸਾਹਿਬ ਦੋ ਦੋ ਸਰੂਪਾਂ ਦੇ ਵਿਚ ਸੱਜੇ ਖੱਬੇ ਦਿਸਿਬਿਤ ਹੋਗਏ। ਬ੍ਰਾਹਮਣਾ ਨੇ ਸ੍ਰੀਰਵਿਦਾਸ ਜੀ ਸਾਹਿਬ

---

(੭ ਸਫੇ ਦੀ ਬਾਕੀ)

ਪ੍ਰਕਾਰ ਦੇ ਭੋਜਨਾਂ ਅਤੇ ਦੁਧਾਦਿਕ ਅਮ੍ਰਿਤਾਂ ਤੋਂ ਭੀ ਸ੍ਰੇਸ਼ਟ ਅਰ ਦੁਨੀਆਂ ਦੇ ਸਾਰਿਆਂ ਮਿੱਠਿਆਂ ਤੋਂ ਭੀ ਪਰਮ ਮਿੱਠਾ ਭਾਵ 'ਸਕਰ ਖੰਡ ਨਿਵਾਤ ਗੁੜ ਮਾਖਿਓ ਮਾਝਾ ਦੁਧ। ਸਭੇ ਵਸਤੂ ਮਿਠੀਆਂ ਰਬ ਨ ਪੁਜਨ ਤੁਧ' ਸੁਆਮੀ ਜੀ ਦੇ ਨਾਮ ਦਾ 'ਸਤਿ ਅਮ੍ਰਿਤ' ਪੀਆਉਂਦੇ ਹੁੰਦੇ ਸੇ। ਨੋਟ—ਪਿਆਰੇ ਸਜਨੋਂ!ਇਸ ਉਪਰ ਹੋਰ ਬਾਂ ਦਾਸ ਜਾਂ ਕੋਈ ਸਤਿ ਦਰਬਾਰੀ ਵਿਸ਼ੇਸ਼ ਰੋਸ਼ਨੀ ਪਾਕੇ ਆਪ ਦੀ ਸੇਵਾ ਕਰੇਗਾ।



ਹੀ ਸਾਰੇ ਬਿਆਪਕ ਵੇਖਿਆ ਭਾਵ ਭੋਜਨ ਛਕਾਵੇ ਭੀ ਰਵਿਦਾਸ, ਹਰਿ ਇਕ ਪੰਗਤ ਵਿਚ ਬੈਠਾ ਛਕੇ ਭੀ ਰਵਿਦਾਸ ਜਦ ਅੰਦਰ ਬਾਹਰ ਸਾਰੇ ਹੀ ਰਵਿਦਾਸ ਵੇਖਿਆ ਤਾਂ ਉਨਾਂ ਦੇ ਮਨ ਵਿਚ ਪੱਕਾ ਭਰੋਸਾ ਹੋਗਿਆ ਕਿ ਸ੍ਰੀ ਰਵਿਦਾਸ ਅਤੇ ਪ੍ਰਭੂ ਨਿਰੰਜਨ ਇਕ ਸਰੂਪ ‡ਹੀ ਹੈ। ਇਹੋ ਹੀ ਨਿਰਗੁਣ ਸਰੂਪ ਹੈ ਤੇ ਇਹੋ ਹੀ ਸਰਗੁਣ ਸਰੂਪ ਹੈ, ਇਹੋ ਹੀ ਅੰਦਰ ਹੈ ਤੇ ਇਹੋ ਹੀ ਬਾਹਰਿ ਹੈ। ਇਨਾਂ ਦੋਹਾਂ ਵਿਚ ਭੇਦ ਭਰਮ ਜੁਦਾਇਗੀ ਰੰਚਕ ਮਾਤਰ ਨਹੀ।ਇਕੁਰ ਦਾ ਨਿਹਚਾ ਕਰਕੇ ਬਹੁਤ ਸਾਰੇ ਜਾਤ ਅਭਿਮਾਨ ਤੋਂ ਪਾਰ ਹੋਕੇ ਬ੍ਰਾਹਮਨ ਬ੍ਰਾਹਮਣੀਆਂ ਭੀ ਅਗਲੇ ਚਹੁੰਆਂ ਵਰਨਾ ਵਾਂਗੂੰ ਸ੍ਰੀ ਰਵਿਦਾਸ ਜੀ ਸਾਹਿਬ ਦੇ ਸਿਖ ਹੋਏ §।

ਸ੍ਰੀ ਸਤਿਗੁਰ ਰਵਿਦਾਸ ਸਾਹਿਬ ਜੀ 'ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ। ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸ ਕਾਰੰ।' ਕਹਿ ਕਹਾਕੇ ਉਦੇਪੁਰੋਂ ਵਿਦਾ ਹੋਏ ਤੇ ਰਸਤੇ ਦੀਆਂ ਸੰਗਤਾਂ ਨੂੰ ਸਤਿਸੰਗੀ ਬਣਾਕੇ ਸਿਧੇ ਰਸਤੇ ਪਾਉਂਦੇ ਅਰ ਮਨ ਕਲਪਤ ਲੋਕਾਂ ਦੀ ਜਾਤਪਾਤ ਦੇ ਭਰਮ ਦਾ ਨਾਸ ਕਰਦੇ ਅਤੇ ਸਤਿ ਅਮ੍ਰਿਤ ਛਕਾਉਂਦੇ ਤੇ ਹਰ ਪ੍ਰੇਮ ਭਗਤਿ ਦੀ ਜੁਗਤਿ ਸਮਝਾਉਂਦੇ ਹੋਏ ਘਰ ਨੂੰ ਮੁੜ ਤੁਰੇ।

---

‡ ਸ੍ਰੀ ਗੁਰ ਭਗਤ ਮਾਲ ਸਭ ਤੋਂ ਵਡੀ।
§ ਸਭ ਤੋਂ ਵਡੀ ਭਗਤ ਮਾਲ ਕ੍ਰਿਤ ਲਾਲ ਸਿੰਘ

ਰਾਜੇ ਨੇ ਬਾਬੇ ਜੀ ਦੀ ਸਾਧ ਸੰਗਤ ਸਣੇ ਸੇਵਾ ਤਾਂ ਬਹੁਤ ਸਾਰੀ ਕੀਤੀ ਪਰ ਪਹਿਰਾ ਇਨਾਂ ਉਤੇ ਭੀ ਲਾ ਦਿਤਾ ਤੇ ਆਪ ਦੇ ਰਾਜਵਿਚ ਢੰਡੋਰਾ ਫਿਰਾ(ਡੌਂਡੀ ਪਿਟਾ) ਸਾਵਣ ਦੀ ੧ ਨੂੰ ਰਈਅਤ ਦੇ ਇਸਤ੍ਰੀ ਪੁਰਸ਼ਾਂ ਨੂੰ ਬੁਲਾ ਲਿਆ।

ਉਸ ਦਿਨ ਭਾਰੀ ਸਭਾ ਦੇ ਵਿਚਾਲੇ ਹੀਰੇ, ਜੁਵਾਹਰ ਤੇ ਰਤਨ ਆਦਿਕਾਂ ਨਾਲ ਜੜਤ ਬਹੁ ਕੀਮਤੀ ਸਿੰਘਾਸਨ ਲਿਆ ਸਜਾਇਆ ਅਰ ਰਵਿਦਾਸ ਚਮਾਰ ਨੂੰ ਸਭਨਾਂ ਤੋਂ ਵਖਰੇ ਲਹਿੰਦੇ ਪਾਸੇ ਆਸਨ ਉਪਰ ਬਿਠਾਕੇ ਰਾਜਾ ਕੁੰਭ ਸਿੰਘ ਨੇ ਬੇਨਤੀ ਕੀਤੀਕਿ ਜਿਵੇਂ ਮੇਰੀ ਰਾਣੀ ਨੂੰ ਕਰਤਾਰ ਸੁਆਮੀ ਜੀ ਦਾ ਦਰਸ਼ਨਕਰਾਇਆ ਹੈ ਤਿਵੇਂ ਸਾਨੂੰ ਇਸ ਸਿੰਘਾਸਨ ਉਤੇਬਠਾਕੇ ਉਸਦਾ ਦਰਸ਼ਨ ਕਰਾਦੇਵੋਜੀ।ਬਹੁਤਾ ਹਠ ਕਰਨ ਤੇ ਸ੍ਰੀ ਰਵਦਾਸ ਜੀ ਸਾਹਿਬ ਆਪਦੇ ਆਸਨ ਉਤੋਂ'ਤੁਰਕੇ ਤੁਰੰਤ ਆਪਹੀ ਉਸ ਸਿੰਘਾਸਨ ਉਪਰ ਆਬੈਠੇ। ਵੇਖਕੇ ਬ੍ਰਾਹਮਣਾਂ ਨੂੰ ਮਣ ਕੱਪੜੀ ਲੱਗ ਗਈ। ਅਰ ਅੱਖਾਂ ਲਾਲ ਕਰਕੇ ਬੋਲੇ ਹਰੇ ਰਾਮ ਹਰੇ ਰਾਮ, ਸ਼ਿਵ ਸ਼ਿਵ, ਸ਼ਿਵ ਸ਼ਿਵ,ਹਾਏ!ਹਾਏ!ਹਾਏ!!!'ਕਲੂਦੇਕਾਰੇ!ਕਲੂਦੇਕਾਰੇ!!ਅੰਧੇਰ ਓਏਲੋਕੋ ਅੰਧੇਰ!'ਕਲੂਨੇ ਨਿਰਪ ਕੀ ਮਤ ਲਈ ਮਾਰ।ਤਾਂਤੇ ਬਰਜਿਆ ਨਹੀਂ'ਚਮਾਰ। ਹਿਤ ਸਾ ਏਹ ਸਿੰਘਾਸਨ ਠਾਕਰ। ਜਿਸ ਪਰ ਨੀਚ ਬੈਠਿਆ ਆ ਕਰ।' ਆਦਿਕ ਅਨੇਕਾਂ ਕਬੋਲ ਬੋਲ ਬੋਲਕੇ ਚੁਤਰਫੋਂ ਉਚੀ ਉਚੀ ਡੰਡ ਪਾਉਣ ਲੱਗ ਪਏ ਕਿ ਰਾਜਾ ਆਪ ਦੇ ਐਲਾਨ ਮੂਜਬ ਹੁਣ ਕਿਉਂ ਨਹੀਂ ਆਪ ਦੀ ਤਲਵਾਰ ਨਾਲ ਇਸਦੇ ਟੋਟੇ ੨ ਕਰਦਾ। ਪਰ ਰਾਜਾ ਉਸੇ ਤਰਾਂ ਬੇਨਤੀ ਕਰੀ ਗਿਆ।



## ਕਾਂਡ ੪

ਰਾਜੇ ਦੀ ਦੀਨਤਾ ਵੇਖਕੇ ਦੀਨਦਇਆਲ ਜੀ ਸਾਹਬ ਨੇ ਮੇਰੇ ਮਗਰ ਸ਼ਬਦ ਗਾਵੋ ਕਹਿਕੇ ਗਾਇਆ ਕਿ–

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ। ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ। ੧। ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ। ੧। ਰਹਾਉ।...

ਇਹ ਸੁਣਦੇ ਸਾਰ ਹੀ ਸਤਿ ਪੁਰਖੁ ਸੁਆਮੀ ਜੀ ਸ੍ਰੀ ਰਵਿਦਾਸ ਜੀ ਸਾਹਿਬ ਦੀ ਗੋਦ ਵਿਚ ਬੈਠਾ ਹੂਆ ਸਰਬ ਸਭਾ ਨੇ ਦੇਖਿਆ ਤਉ ਸਰਬ ਸਭਾ ਮੈਂ ਜੈ ਜੈ ਕਾਰ ਸ਼ਬਦ ਹੋਤਾ ਭਇਆ ਔਰ ਭਾਰੀ ਧੁਨ ਸੰਖੋਂ ਕੀ ਤਹਾਂ ਹੋਤੀ ਭਈ ਔਰ ਰਾਜਾ ਦੋਨੋਂ ਹਾਥ ਜੋੜ ਕਰਕੇ ਸਰਬ ਸੰਗਤਿ ਸਹਿਤ ਸ੍ਰੀ ਸਤਿ ਗੁਰ ਰਵਿਦਾਸ ਜੀ ਸਾਹਿਬ ਦੇ ਚਰਨੀ ਲੱਗਾ। ਬਾਰੰਬਾਰ ਨਮਸਕਾਰ ਕਰਕੇ ਬੜਾ ਭਾਰੀ ਆਦਰ ਕੀਤਾ§ ਅਤੇ ਰਾਜਾ ਕੁੰਭ ਸਿੰਘ ਜੀ ਸ੍ਰੀ ਸਤਿਗੁਰ ਰਵਿਦਾਸ ਜੀ ਸਾਹਿਬ ਪਾਸੋਂ ਪ੍ਰੇਮ ਭਗਤਿ ਦਾ ਉਪਦੇਸ਼ ਲੈਕੇ ਸਿੱਖ ਹੋਇਆ ਤਸਫਿਰ ਕੀ ਮੀ ਚੌਹਾਂ ਵਰਨਾ ਦੇ ਇਸਤ੍ਰੀ ਪੁਰਖ ਨਾਮ ਦਾ ਅਮ੍ਰਿਤ ਛਕਕੇ† ਸਾਹਿਬ ਜੀ ਦੇ ੭੦੦੦ ਸਿੱਖ ਹੋਏ।

---

§ ਭਗਤ ਮਾਲ ਸਭ ਤੋਂ ਵਡ੍ਹੀ ਕ੍ਰਿਤ ਲਾਲ ਸਿੰਘ ਜੀ।

† ਬਾਬਾ ਜੀ ੧੪ ਰਤਨਾਂ ਦੇ ਮੰਗੀ ਅਮ੍ਰਿਤਤੋਂ,ਛਤੀ (ਨੋਟ ਅਗੇ ਦੇਖੋ)

ਤਾਂ ਉਨਾਂ ਦੇ ਦਰਸ਼ਨ ਅਰ ਤੀਰਥ ਜਾਤ੍ਰਾ ਕਰਨ ਵਾਸਤੇ ਆਪ ਦੇ ਪਤੀ ਤੋਂ ਆਗਜਾ ਲੈਕੇ ਬਨਾਰਸ (ਕਾਂਸੀ, ਜੋ ਵਿਚ ਆਈ ਸੀ। ਉਹ ਬ੍ਰਾਹਮਣਾ ਲੋਕਾਂ ਦੇ ਟੋਕਦਿਆਂ ਸ੍ਰੀ ਰਵਿਦਾਸ ਜੀ ਸਾਹਿਬ ਅਗੇ ੫੦੦ਅਸ਼ਰਫੀ ਭੇਟਾ ਧਰਕੇ* ਇਨਾਂ ਦੀ ਚੇਲੀ ਹੋਗਈ। ਇਸ ਗੱਲੋਂ ਮੰਗੀ ਬ੍ਰਾਹਮਣਾਂ ਨੇ ਗੁੱਸੇ ਹੋਕੇ ਰਾਣੇ ਕੁੰਭ ਸਿੰਘ ਨੂੰ ਵਾਧੇ ਘਾਟੇ ਗੱਲਾਂ ਸੁਣਾਕੇ ਆ ਭੜਕਾਇਆ। ਇਨਾਂ ਨੇ ਉਸਤੋਂ ਝਾਲਾਂਬਾਈ ਨੂੰ ਕਤਲ ਕਰਾਉਂਣ ਦਾ ਹੀ ਨਹੀਂ ਬਲਕਿ ਰਵਿਦਾਸ ਚੁਮਾਰ ਨੂੰ ਭੀ ਕਤਲ ਕਰੂੰਗਾ ਦਾ ਐਲਾਨ ਕਰਾਕੇ ਅਰਾਮ ਲਿਆ। ਰਾਣੇ ਕੁੰਭ ਸਿੰਘ ਨੇ ਉਸਿਵੇਲੇ ਰਾਣੀ ਦੇ ਮੌਂਹੀਂ ਚਿਠੀ ਲਿਖ ਭੇਜੀ ਕਿ ਆਪਣੇ ਸਤਗੁਰੂ ਰਵਿਦਾਸ ਜੀ ਨੂੰ ਨਾਲ ਲੈਕੇ ਚੌਰਨ ਚਲੇ ਆਓ ਮੈਂ ਭੀ ਇਨਾਂ ਨੂੰ ਗੁਰੂ ਧਾਰਨਾ ਹੈ। ਇਹ ਬੇਨਤੀ ਸੁਣਕੇ ਅੰਤਰਜਾਮੀ ਸਾਹਿਬ ਜੀ ਨੇ ਆਖਿਆ ਬੀਬੀ ਜੀ ਆਪ ਚਲੀਏ ਅਸੀ ਤੁਸਾਂ ਦੇ ਮਗਰੋਂ ਆਵਾਂਗੇ।

## ਕਾਂਡ ੨

ਝਾਲਾ ਬਾਈ ਨੇ ਆਪ ਦੇ ਸਤਿਗੁਰੂ ਸਾਹਿਬ ਜੀ ਦੀ ਆਗਜਾ ਨਾਲ ਉਦੇਪੁਰ ਆਕੇ ਪਤੀਬ੍ਰਤਾ ਧਰਮ ਅਨੁਸਾਰ ਪਤੀ ਦੀ ਸੇਵਾ ਪੂਜਾ ਕੀਤੀ। ਰਾਜੇ ਦੇ ਪੁਛੇ ਤੋਂ ਨਿਸ਼ੱਕ

---

* ਗ੍ਰੰਥ ਰਤਨ ਸਾਗਰ ਲਿਖਤ ਦਾ।

† ਗੁਰ ਭਗਤਿ ਮਾਲ ੪੭ ਤੋਂ ਵਣੀ ਕ੍ਰਿਤ ਲਾਲ ਸਿੰਘ ਨਿਰਮਲਾ ਅਮ੍ਰਿਤਸਰ।



ਮਾਨੁਖਾ ਅਵਤਾਰ ਦੁਲਭ (ਸ੍ਰੀ ਸਤਿਗੁਰ ਰਵਿਦਾਸ ਸਾਹਿਬ ਜੀ)ਦੇ ਪੱਥਰ ਤਾਰਣ,ਉਲਟੀ ਗੰਗਾ ਵਗਾਉਣ ਤੇ ਤ੍ਰਿਲੋਚਨ ਜੀ ਦੀ ਸੁਪਤਨੀ ਭੁਲੀ ਨਾਮੇ ਜਿਸਨੂੰ ਭਗਤ ਜੀਨੇ ਆਖਿਆ ਸੀ ਕਿ 'ਨਾਰਾਇਣ ਨਿੰਦਸ ਕਾਇ ਭੂਲੀ ਗਵਾਰੀ', ਔਰ ਮਾਈ ਗੋਨਾ ਬਾਈ ਜਿਸਨੇ ਬਾਦਸ਼ਾਹ ਦੇ ਬੰਨਕੇ ਹਾਥੀ ਮੂਹਰੇ ਸਿੱਟੇ ਨਾਮ ਦੇਵ ਨੂੰ ਆਖਿਆ ਸੀ 'ਛੋਡ ਰਾਮ ਕੀ ਨ ਭਜਹੁ ਖੁਦਾਇ'ਨਾਮਦੇਵਨੇ ਕਿਹਾ'ਨਾ ਹਉਤੇਰਾ ਪੂੰਗਰਾ ਨਾ ਤੂ ਮੇਰੀ ਮਾਇ' ਤੇ ਮਾਈ ਨੀਮਾਂ ਡੁਸਕਦੀ ਨੇ ਕਬੀਰ ਨੂੰ ਆਖਿਆ ਸੀ ਜਿਵੇਂ 'ਮੁਸਿ ਮੁਸਿ ਰੋਵੈ ਕਬੀਰ ਕੀ ਮਾਈ। ਏ ਬਾਰਿਕ ਕੈਸੇ ਜੀਵੇ ਰਘੁਰਾਈ' ਕਬੀਰ ਜੀ ਨੇ ਲੋਈ ਨੂੰ ਆਖਿਆ ਸੀ 'ਸੁਨ ਅੰਧਲੀ ਲੋਈ ਬੇਪੀਰ' ਵਾਂਗੂੰ ਮੇਰੇ ਸਤਿਗੁਰੂ ਜੀ ਨੇ ਇਸਤ੍ਰੀਆਂ ਇਸ ਪਦਾਰਥ ਤੋਂ ਸਖਣੀਆਂ ਨਹੀਂ ਰਖੀਆਂ ਬਲਕਿ ਸਭ ਇਸਤ੍ਰੀ ਪੁਰਸ਼ਾਂ ਨੂੰ ਸਤਿ ਅਮ੍ਰਿਤ ਛਕਾਕੇ ਭਵ ਸਾਗਰ ਤੋਂ ਪਾਰ ਕੀਤਾ ਹੈ ਔਰ ਇਹ ਭੀ ਸਾਫ ਅਖਰਾਂ ਵਿਚ ਆਖ ਦਿੱਤਾ ਕਿ ਮੇਰੇ ਸਤਿ ਗੁਰ ਜੀ ਨੇ ਮੈਨੂੰ ਅਧਮ ਨੂੰ ਭੀ ਸਾਖਜਾਤ ਕਰਤਾਰ ਸੁਆਮੀ ਜੋ ਦੇਦਰਸ਼ਨ ਕਰਾ ਦਿਤੇ ਹਨ।

ਇਹ ਸੁਣਕੇ ਰਾਜੇ ਨੇ ਆਖਿਆ ਮੈਂ ਸਭ ਸੱਚ ਝੂਠ ਦਾ ਨਿਰਨਾ ਕਰਾਂਗਾ ਅਰ ਉਸੇ ਵੇਲੇ ਹੁਕਮ ਲਾ ਦਿੱਤਾ ਕਿ ਰਵਿਦਾਸ ਦੇ ਆਉਣ ਤਕ ਰਾਣੀ ਦੇ ਮਹਲ ਦਾ ਬੂਹਾ ਬੰਦ ਤੇ ਉਦਾਲੇ ਸਖਤ ਪਹਿਰਾ ਰਹੇ।

## ਕਾਂਡ ੩

ਝਾਲਾਬਾਈ ਦੇ ਮਨ ਦੀ ਜਾਣਕੇ ਸਾਹਿਬ ਜੀ ਆ ਪਹੁੰਚੇ।

# ਸਮਰਪਨ

ਦਾਸ ਆਪਣੀ ਇਹ ਲੇਖਨੀ ਸੱਚੇ ਪਾਤਸ਼ਾਹ ਅਗਮ ਪੁਰੀਏ ਜਗਤ ਗੁਰ ਸੁਆਮੀ ਜੀ ਮਾਨੁਖਾ ਅਵਿਤਾਰ ਦੁਲਭ ਦੀ ਸਾਜੀ ਨਿਵਾਜੀ ਹੋਈ 'ਸਤਿਦਰਬਾਰੀ ਕੌਮ ਦੇ' ਬੰਦਿਆਂ ਨੂੰ ਅਰਪਣ ਕਰਦਾ ਹੈ। ਆਸ਼ਾ ਹੈਕਿ ਉਹ ਇਸ ਨੂੰ ਖਿੜੇ ਮਥੇ ਪਰਵਾਨ ਕਰਕੇ ਅਪਾਰ ਲਾਭ ਪ੍ਰਾਪਤ ਕਰਨਗੇ।

–ਸਰਦਾਰ ਬੁਧ ਸਿੰਘ ਜੀ ਦੇ–
ਸ੍ਰੀ ਗੁਰਮਤਪ੍ਰੈਸ(ਬਾਜ਼ਾਰ ਗੁਰੂਕੀ ਸਰਾਇ)
ਅਮ੍ਰਿਤਸਰ ਵਿਖੇ ਛਪੀ
ਪ੍ਰਿੰਟਰ–ਗਜਾਨੀ ਮਹਿੰਦਰ ਸਿੰਘ 'ਰਤਨ'
ਮਾਰਚ ੧੯੩੩ ਪਹਿਲੀਵਾਰ ੧੦੦੦ ਕੀਮਤ --)

ੴ ਸਤਿਗੁਰਪ੍ਰਸਾਦਿ ॥

## – ਸਿਰੀ ਰਾਗੁ –

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ। ਕਨਕ ਕਟਿਕ ਜਲ ਤਰੰਗ ਜੈਸਾ§। ੧। ਹਰਿ ਸੋ ਹੀਰਾ ਛਾਡਿਕੈ ਕਰਹਿ ਆਨ ਕੀ ਆਸ। ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।

ਜਗਤ ਗੁਰ ਸੁਆਮੀ ਜੀਦੇ ਉਦੇ ਪੁਰ ਵਿੱਚ ਪ੍ਰਗਟ ਹੋਣ ਦੇ ਸਮੇਂ ਦਾ ਦਰਬਾਰ ਅਰਥਾਤ ਸ੍ਰੀ ਰਵਿਦਾਸ ਸੁਆਮੀ ਜੀ ਦੇ ਸੰਮਤ ਬਿਕ੍ਰਮਾਂ ਜੀਤ ੧੫੦੭ ਮੌਣ ਦੀ ੧ ਨੂੰ ਉਦੇਪੁਰ ਵਿਚ 'ਮੇਟੀ ਜਾਤਿ ਹੂਏ ਦਰਬਾਰਿ' ਦੀ ਕਥਾ।

## ਕਾਂਡ ੧

ਪਿਆਰੇ ਸਜਨੋਂ ਤੇ ਪਾਠਕ ਜੀ! ਰਿਆਸਤ ਉਦੇਪੁਰ (ਚਤੌੜ ਗੜ) ਦੇ ਰਾਣਾ *ਕੁੰਭ ਸਿੰਘ ਜਾ ਦੀ ਪਟਰਾਨੀ †ਝਾਲਾਬਾਈ ਨੇ ‡ਸ੍ਰੀ ਰਵਿਦਾਸ ਜੀ ਸਾਹਿਬ ਦੇ ਗੁਣ ਸੁਣੇ

---

§ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ਜਲ ਤੇ ਤਰੰਗ ਤਰੰਗ ਤੇ ਹੈ ਜਲ ਕਹਨ ਸੁਨਨਕਉ ਦੂਜਾ।

* ਸੂਰਜ ਬੰਸੀ ਰਾਣਾ ਲਾਖਾ ਜੀ ਦਾ ਪੋਤਾ।

† ਲਖਨਊ ਸ਼ਹਿਰ ਦੇ ਰਾਜਾ ਪਾਟਲਜੀਦੀ ਸਪੁਤ੍ਰੀ।

‡ ਮਾਨੁਖਾ ਅਵਤਾਰ ਦੁਲਭ ਸੰਮਤ ਬਿਕ੍ਰਮਾਂਜੀਤ ੧੪੫੬ ਨੂੰ ਬਨਾਰਸ (ਕਾਂਸ਼ੀ)ਦੇ ਕੋਲ ਚਮਾਰ ਮਾਜਰੇ ਸੰਤੋਖ ਜੀ ਪਿਤਾ ਤੇ ਦਯਾ ਕੌਰ ਮਾਤਾ ਜੀ ਦੇ ਘਰ ਪ੍ਰਗਟੇ।

## ਸ੍ਰੀ ਰਵਿਦਾਸ ਪ੍ਰਗਾਸੁ

ਕ੍ਰਿਤ ਸ੍ਰੀਮਾਨ ਪਰਃ ਮਃ ਸਤਿ ਦਰਬਾਰੀ

ਇਸ ਵਿਚ

ਸ੍ਰੀ ਸਤਿਗੁਰ ਰਵਿਦਾਸ ਸਾਹਿਬ ਜੀ ਦੀ ਸਭ ਅਮ੍ਰਿਤ ਬਾਣੀ ਸਹਿਤ ਕੋਸ਼ ਅਤੇ ਜੀਵਨ, ਗੁਰਬਾਣੀ ਵਿਚ ਆਈਆਂ ਗੁਹਜਾਂ ਦਾ ਭਾਵ ਅਤੇ ਪਦਿਆਂ, ਦੁਪਦਿਆਂ ਆਦਿਕਾਂ ਲਗਾਂ ਅਰ ਮਾਤਰਾਂ ਦੀ ਪੂਰੀ ਪੂਰੀ ਗਿਣਤੀ, ਅਛੂਤ ਪੁਣੇ ਦਾ ਖੰਡਨ, ਭਾਈਚਾਰਕ ਸੁਧਾਰ ਤੇ ਇਤਿਹਾਸਕ ਝੰਬੇਲੇ ਆਦਿਕਾਂ ਨੂੰ ਸਪਸ਼ਟ ਕੀਤਾ ਗਿਆ ਹੈ ਕੀਮਤ ੧।)

ਭਗਤ ਬਾਣੀ ਦੀ ਖੋਜ ਢਾਈ ਆਨੇ =)॥

ਸ੍ਰੀ ਰਵਿਦਾਸ ਸਤਿ ਸਰੂਪ ਦੀ ਕਥਾ ਇਕ ਆਨਾ –)

ਸ੍ਰੀ ਰਵਿਦਾਸ ਸਾਹਿਬ ਜੀ ਦੀ ਤਸਵੀਰ, ਜਿਸਦਾ ਵੇਰਵਾ ਉਪਰ ਇਸੇ ਪੁਸਤਕ ਦੇ ਪੰਨੇ ੧੭ ਪਰ ਹੈ ਤਿੰਨ ਰੰਗੀ ਦੀ ਕੀਮਤ ਸੱਤ ਪੈਸੇ –)।। ਇਕ ਪਾਈ ਅਤੇ ਇਕ ਰੰਗੀ ਤਸਵੀਰ ਦੀ ਕੀਮਤ ਇਕ ਆਨਾ –)

ਪੁਸਤਕਾਂ ਮਿਲਨ ਦੇ ਪਤੇ-

**੧-ਹਰੇਕ ਪੁਸਤਕਾਂ ਤੇ ਤਸਵੀਰਾਂ ਵੇਚਨ ਵਾਲੇ**

**੨-ਗੁਰਦੁਆਰਾ ਸ੍ਰੀ ਰਵਿਦਾਸਪੁਰਾ ਮੁਤਸਿਲ ਘੁਬੱਦੀ, ਡਾਃ ਡੇਹਲੋਂ (ਲੁਦਿਆਣਾ) ਮਃ ਸਤਿ ਦਰਬਾਰੀ ਤੋਂ ਲਵੋ**

ਨੋਟ–ਜਬੇ ਦ ਹੋਣਾ ਪਰਮ ਜਰੂਰੀ ਹੈ ॥ (ਚਲਦਾ

ਸਭ ਹੱਕ ਰਾਖਵੇਂ ਹਨ

੧ ਓ ਸਤਿਗੁਰਪ੍ਰਸਾਦਿ ॥

ਕਹੁ ਰਵਿਦਾਸ ਸਭੈਨਹੀਸਮਝਸਿ ਭੂਲਪਰੇ ਜੈਸੇਬਉਰੇ।
ਮੋਹਿ ਅਧਾਰ ਨਾਮੁਨਾਰਾਇਨ ਜੀਵਨ ਪ੍ਰਾਨ ਧਨ ਮੋਰੇ।

# ਸ੍ਰੀ ਰਵਿਦਾਸ ਸਤਿਸਰੂਪ ਦੀ

## ਕਥਾ

-- ਜਿਸ ਵਿੱਚ --

ਸ੍ਰੀ ਰਵਿਦਾਸ ਜੀ ਸਾਹਿਬ ਮਾਨੁਖਾ ਅਵਿਤਾਰ ਦੁਲਭ ਦੇ ਪਰਉਪਕਾਰ ਵਾਸਤੇ ਪ੍ਰਗਟ ਹੋਣ, ਰਾਜ ਪੁਤਾਨੇ ਦੀ ਮੋਮਣੀ ਰਿਆਸਤ ਉਦੇਪੁਰ ਦੇ ਵਾਲੀਏ ਰਾਣਾ ਕੁੰਭ ਸਿੰਘ ਸੂਰਜਬੰਸੀ ਦੀ ਪਟਰਾਣੀ ਝਾਲਾਬਾਈ ਨੇ ਇਨਾਂ ਪਾਸੋਂ ਗੁਰ ਮੰਤ੍ਰ ਲੈਣ ਤੇ ਸਮੂਹ ਸਿੰਘਾਂ ਦੇ ਪੰਜਵੇਂ ਜਥੇ ਦਾ ਸਰਦਾਰ ਮਦਨ ਸਿੰਘ ਰਵਿਦਾਸੀਏ ਦਾ ਜਥੇਦਾਰ ਹੋਣਾ ਆਦਿਕਾਂ ਨੂੰ ਸਪਸ਼ਟ ਕਰ ਦਿਤਾ ਹੈ

ਲੇਖਕ ਤੇ ਪ੍ਰਕਾਸ਼ਕ

**'ਪਰਃ ਮਃ ਸਤਿ ਦਰਬਾਰੀ'**

ਕਰਤਾ-ਭਗਤ ਬਾਣੀ ਦੀ ਖੋਜ ਤੇ ਸ੍ਰੀ ਰਵਿਦਾਸ ਪ੍ਰਕਾਸ਼ ਆਦਿਕ।